ਖ਼ਿਆਲਾਂ ਦਾ ਪਾਣੀ

ਤੇ ਅਖ਼ੀਰ
ਮੀਤ ਵੀ ਬੇਦਾਵਾ ਦੇ ਕੇ
ਤੁਰ ਗਿਆ ਸੂਰਜ ਦੇ ਸ਼ਹਿਰ ਵੱਲ
ਮੈਨੂੰ ਖ਼ਿਆਲਾਂ ਦੇ ਪਿੰਡ 'ਚ
'ਕੱਲਾ ਛੱਡ ਕੇ
ਜਿਥੇ
ਇਸ ਰਾਤ ਤੋਂ ਡਰਿਆ ਹੋਇਆ
ਹੁਣ ਦਿਨ ਨਹੀ ਚੜ੍ਹਦਾ ।

ਖ਼ਿਆਲਾਂ ਦਾ ਪਾਣੀ

ਮੀਤ ਅਨਮੋਲ

Asia Visions

KHIALAN DA PANNI
Poems By
©Miit Anmol

2014

miitanmol@gmail.com
fb.com/miitanmol

ਮੀਤ ਅਨਮੋਲ

(91–8054469900)

#310–ਓ, ਗਲੀ ਨੰ: 1,ਬੰਦਾ ਸਿੰਘ ਬਹਾਦੁਰ ਕਲੌਨੀ,
ਰਾਹੋਂ ਰੋਡ, ਬਸਤੀ ਜੋਧੇਵਾਲ, ਲੁਧਿਆਣਾ – 141007

2014

ਕੀਮਤ : 100 ਰੁਪੈ

ਕਾਪੀਆਂ : 2000

ਛਾਪਕ : ਏਸ਼ੀਆ ਵਿਜ਼ਨ

ਲੁਧਿਆਣਾ 98159–45018

ਸਮਰਪਤ

ਸ਼ਾਇਰੀ ਨੂੰ ਮੁਹੱਬਤ ਕਰਨ ਵਾਲਿਆਂ ਨੂੰ

ਤਤਕਰਾ

5 ਸਮਰਪਤ
10 – ਸੁਰਜੀਤ ਪਾਤਰ
11 – ਸੁਖਵਿੰਦਰ ਅੰਮ੍ਰਿਤ
12 – ਗੁਰਭਜਨ ਸਿੰਘ ਗਿੱਲ
13 ਮੁਹੱਬਤੀ ਦਸਤਾਵੇਜ਼
– ਪ੍ਰਭਜੋਤ ਸਿੰਘ ਸੋਹੀ
18 ਸਰੋਵਰ
21 ਰੋਸ
22 ਤੂੰ ਮੁਸਾਫਿਰ ਸੀ
24 ਹਨ੍ਹੇਰੀ ਦੇ ਲਿਫ਼ਾਫੇ
25 ਗ਼ਰੂਰ
26 ਪਿਆਸ
27 ਤੇਰੀ ਬੇਰੁਖ਼ੀ
28 ਸਿਆਣਪ
29 ਤੇ ਮੈਂ ਮਰ ਗਿਆ

30 ਵਜੂਦ
31 ਮੇਰੀ ਕਬਰ
32 ਰੰਗੀਨ ਉਜਾਲੇ
34 ਮੰਥਨ
36 ਪਰੀ
39 ਮੇਰਾ ਜੀਵਨ – ਇੱਕ ਨਜ਼ਮ
41 ਦਰਦ
43 ਮੈਂ ਪੁੱਛਿਆ
46 ਤੈਨੂੰ ਕੁਝ ਨਹੀਂ ਪਤਾ
49 ਤੇਰੇ ਮੇਰੇ ਵਿਚਾਰ
50 ਇਹ ਰਾਤ
52 ਮੈਂ ਨਿਰਾਸ਼ਾਵਾਦੀ ਹਾਂ
54 ਮੇਰੇ ਡਰ ਨੇ ਮੈਨੂੰ ਰੋਕੀ ਰੱਖਿਆ
56 ਮੀਤ
57 ਸ਼ਹਿਰ ਕਿ ਜੰਗਲ
59 ਸਫ਼ਰ
60 ਅਰਥ
61 ਤੇ ਦੱਸ ਮੈਂ ਕਦ ਕਿਹਾ
63 ਚੁੰਮਣ
64 ਮਸੀਹਾ
65 ਮੈਂ ਪਾਤਰ

67 ਚੀਕ
68 ਮਸ਼ਵਰਾ
69 ਲੱਕੜ ਦਾ ਬੁੱਤ
71 ਤੂੰ ਝੂਠ ਸਮਝੇਂਗੀ
73 ਨਜ਼ਮ
74 ਆਖ਼ਰੀ ਖ਼ਵਾਹਿਸ਼
75 ਆਸਮਾਨ
76 ਉਹ ਕੌਣ ਸੀ
77 ਖ਼ਿਆਲਾਂ ਦਾ ਪਾਣੀ
79 ਰੂਹ ਦੇ ਜ਼ਖ਼ਮ
81 ਫਿਰ ਤੋਂ
83 ਅਛੂਤ ਰੱਬ
84 ਤੁਰਦਿਆਂ – ਤੁਰਦਿਆਂ
85 ਕਾਗਜ਼
87 ਮੈਲ, ਹੁਸਨ ਤੇ ਸਰੋਵਰ
89 ਆਖ਼ਰੀ ਫ਼ਰਿਆਦ
91 ਭਖਦੀ ਦੁਪਹਿਰ
93 ਔਰਤ
97 ਮੈਂ, ਮੀਤ ਤੇ ਰੱਬ
99 ਬੇਈਮਾਨੀ
100 ਰੇਖਾ

102 ਅਣਹੋਣੀ ਦੀ ਨਿਸ਼ਾਨੀ
103 ਹੋਂਦ ਦੀ ਖੁਸ਼ਬੂ
104 ਕਾਸ਼
105 ਕਿਉਂ
106 ਮੁਸਕਾਨ ਕੌਰ
108 ਉਮਰਾਂ ਦਾ ਬਨਵਾਸ
110 ਤੇਰੀ ਬਿਰਹੋਂ
112 ਭੁੱਖ
118 ਰੱਬ ਦਾ ਕਾਤਿਲ
121 ਏਨਾ ਵੀ ਸੌਖਾ ਨਹੀਂ ਹੁੰਦਾ
123 ਇੱਤਰ ਦੀ ਖੁਸ਼ਬੂ
125 ਵਾਅਦਾ ਖ਼ਿਲਾਫ਼ੀ
126 ਅੱਲੜ੍ਹ–ਮੁਅਾਬ
127 ਤੇਰੀ ਵਫ਼ਾ
ਪਿਛਲਾ ਪੰਨਾ – ਜਨਮੇਜਾ ਜੌਹਲ

ਮੀਤ ਅਨਮੋਲ ਦੀਆਂ ਕਵਿਤਾਵਾਂ ਸੱਜਰੀ ਹਵਾ ਦੇ ਝੋਂਕੇ ਵਰਗੀਆਂ ਹਨ । ਹਵਾ ਦੇ ਝੋਂਕੇ ਵਾਂਗ ਇਨ੍ਹਾਂ ਵਿਚ ਸੁਬਕਤਾ ਅਤੇ ਖਿਲੰਦਤਾਪਨ ਹੈ ਪਰ ਇਸ ਵਿਚ ਉਦਾਸੀ ਦੀ ਸੇਜਲਤਾ ਅਤੇ ਸੁਹਣੇ ਅਹਿਸਾਸਾਂ ਦੀ ਖੁਸ਼ਬੂ ਵੀ ਘੁਲੀ ਹੋਈ ਹੈ । ਮੀਤ ਅਨਮੋਲ ਦਾ ਅਨੁਭਵ ਅਤੇ ਇਜ਼ਹਾਰ, ਅਪਨੱਤ ਭਰਿਆ ਤੇ ਮੌਲਿਕ ਹੈ । ਸ਼ਬਦਾਂ ਦਾ ਸੰਜਮ ਉਸਦੀ ਇਕ ਹੋਰ ਵਿਸ਼ੇਸਤਾ ਹੈ । ਇਹ ਸਾਰੀਆਂ ਗੱਲਾਂ ਗਵਾਹੀ ਦੇਂਦੀਆਂ ਹਨ ਕਿ ਉਸ ਤੋਂ ਹੋਰ ਵੱਡੀਆਂ ਆਸਾਂ ਰੱਖ ਸਕਦੇ ਹਾਂ । ਉਸਦੇ ਪ੍ਰਥਮ ਕਾਵਿ ਸੰਗ੍ਰਹਿ ਦੇ ਪ੍ਰਕਾਸ਼ਨ 'ਤੇ ਉਸਨੂੰ ਬਹੁਤ ਬਹੁਤ ਮੁਬਾਰਕਾਂ ਤੇ ਦੁਆਵਾਂ ।

— ਸੁਰਜੀਤ ਪਾਤਰ

'ਖ਼ਿਆਲਾਂ ਦਾ ਪਾਣੀ' ਮੀਤ ਅਨਮੋਲ ਦਾ ਪਹਿਲਾ ਕਾਵਿ ਸੰਗ੍ਰਹਿ ਹੈ । ਇਸ ਪਾਣੀ ਵਿਚ ਤੂਫ਼ਾਨ ਬਣਨ ਦੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ । ਇਹਨਾਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਵਿਚ ਦੁੱਖ ਵੀ ਸ਼ਾਮਿਲ ਹੈ ਤੇ ਰੋਹ ਵੀ, ਤਿੱਖੇ ਤੀਰ ਵੀ ਛੁਪੇ ਹੋਏ ਹਨ ਤੇ ਮਲ੍ਹਮ ਵੀ । ਮੈਂ ਮੀਤ ਅਨਮੋਲ ਨੂੰ ਕਵਿਤਾ ਦੇ ਅੰਬਰ ਵਿਚ ਇਸ ਪਹਿਲੀ ਉਡਾਰੀ ਲਈ ਸ਼ੁਭ ਇਛਾਵਾਂ ਆਖਦੀ ਹਾਂ ਤੇ ਦੁਆ ਕਰਦੀ ਹਾਂ ਉਸ ਦੀਆਂ ਉਡਾਰੀਆਂ ਬਹੁਤ ਉੱਚੀਆਂ ਹੋਣ ।

– ਸੁਖਵਿੰਦਰ ਅੰਮ੍ਰਿਤ

ਮੀਤ ਅਨਮੋਲ ਦੀਆਂ ਕਵਿਤਾਵਾਂ ਵਿਚੋਂ ਸਾਨੂੰ ਉਸਦੇ ਅਣਦਿਸਦੇ ਸੰਸਾਰ ਦੇ ਦਰਸ਼ਨ ਹੁੰਦੇ ਹਨ, ਜਿੰਨ੍ਹਾਂ ਨੂੰ ਨੰਗੀ ਅੱਖ ਵੇਖਣ ਤੋਂ ਅਸਮਰੱਥ ਰਹਿੰਦੀ ਹੈ । ਵਿਰਸੇ ਤੋਂ ਵਰਤਮਾਨ ਤੀਕ ਨਿਰੰਤਰ ਤੁਰਦੀ ਨੀਲ ਨਦੀ ਜੰਮਦੀ ਹੈ ਤਾਂ ਪ੍ਰਿਜ਼ਮ ਵਾਂਗ ਸਾਨੂੰ ਸਤਰੰਗੀ ਪੀਂਘ ਦੇ ਸਮੂਹ ਰੰਗ ਵਿਖਾ ਦੇਂਦੀ ਹੈ । ਮੀਤ ਸ਼ਬਦਾਂ ਨੂੰ ਬੋਲਣ ਤੋਂ ਨਹੀ ਵਲਦਾ, ਸ਼ਬਦ ਸਲੀਕਾ ਨਹੀ ਤਿਆਗਦੇ, ਖੁਦ ਰੋ, ਬੂਟੇ ਵਾਂਗ ਮਹਿਕਦੇ ਸ਼ਬਦਾਂ ਜਿਹੇ ਪੱਤੇ ਸਾਨੂੰ ਤਾਜ਼ਗੀ ਦਾ ਅਹਿਸਾਸ ਦਿੰਦੇ ਨੇ । ਰੁੱਤਾਂ ਦੇ ਸਿਰਨਾਵੇਂ ਜਿਹੀਆਂ ਕਵਿਤਾਵਾਂ ਪੜ੍ਹਨ ਤੋਂ ਬਾਦ ਇਹੀ ਕਹਿ ਸਕਦਾ ਹਾਂ ਕਿ ਨਵੇਂ ਉਦੈ ਹੋਏ ਸ਼ਾਇਰ ਦੇ ਕਲਾਮ ਦਾ ਭਰਵਾਂ ਸੁਆਗਤ ਹੈ ।

— ਗੁਰਭਜਨ ਸਿੰਘ ਗਿੱਲ

ਮੁਹੱਬਤੀ ਦਸਤਾਵੇਜ਼ – ਖ਼ਿਆਲਾਂ ਦਾ ਪਾਣੀ

ਅੱਜ ਦੇ ਦੌਰ ਵਿੱਚ ਜਦ ਕੁੱਝ ਇੱਕ ਪੰਜਾਬੀ ਕਵੀ ਗੁੰਝਲਦਾਰ ਬਿੰਬ, ਔਖੇ ਤੋਂ ਔਖੇ ਸ਼ਬਦ ਅਤੇ ਸਮਝੋਂ ਬਾਹਰ ਪ੍ਰਤੀਕਾਂ ਨੂੰ ਕਵਿਤਾ ਵਿੱਚ ਵਰਤ ਕੇ ਪੰਜਾਬੀ ਕਵਿਤਾ ਨੂੰ ਤਰੱਕੀਆਂ ਤੇ ਲਿਜਾਣ ਦਾ ਦਾਅਵਾ ਕਰ ਰਹੇ ਹਨ ਤਾਂ ਮੀਤ ਆਪਣੀ ਸਹਿਜ, ਸਰਲ (ਸਪਾਟ ਨਹੀਂ) ਭਾਸ਼ਾ ਵਿੱਚ ਲਿਖੀ ਕਵਿਤਾ ਦੀ ਕਿਤਾਬ ਲੈ ਕੇ ਪੁਸਤਕ ਪ੍ਰੇਮੀਆਂ ਦੀ ਕਚਹਿਰੀ ਵਿੱਚ ਹਾਜ਼ਿਰ ਹੈ । ਉਸ ਨੇ ਇੱਕ ਵੱਖਰੀ ਕਿਸਮ ਦੀ ਪਿਰਤ ਪਾਉਂਦੇ ਹੋਏ ਆਪਣੀਆਂ ਨਜ਼ਮਾਂ ਦੀ ਕਿਤਾਬ ਤੋਂ ਪਹਿਲੋਂ ਇਕ ਛੋਟਾ ਟ੍ਰੈਕਟ (ਮੀਤ ਪਰਾਗਾ) ਛਪਵਾ ਕੇ ਪਾਠਕਾਂ ਤੱਕ ਪੁੱਜਦਾ ਕੀਤਾ । ਮੀਤ ਪਰਾਗੇ ਵਿੱਚ ਸ਼ਾਮਿਲ ਕੁਝ ਕੁ ਨਜ਼ਮਾਂ ਨੂੰ ਪੰਜਾਬੀ ਪਾਠਕਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਤੋਂ ਬਾਅਦ ਹੁਣ ਉਹ ਆਪਣੀਂ ਪਲੇਠੀ ਕਾਵਿ ਪੁਸਤਕ 'ਖ਼ਿਆਲਾਂ ਦਾ ਪਾਣੀ' ਲੈ ਤੁਹਾਡੀਆਂ ਬੂਹਾਂ ਤੇ

ਦਸਤਕ ਦੇ ਰਿਹੈ । ਮੀਤ ਦੀ ਕਵਿਤਾ ਜਜ਼ਬੇ ਦਾ ਇਜ਼ਹਾਰ ਹੈ । ਇਹ ਨਿਰੇ ਗਿਆਨ ਦਾ ਘੋਟਾ ਨਹੀਂ ਸਗੋਂ ਇਕ ਸੰਵੇਦਨਸ਼ੀਲ ਵਿਅਕਤੀ ਦੀ ਜ਼ਿੰਦਗੀ ਪ੍ਰਤੀ ਪਹੁੰਚ ਦਾ ਪ੍ਰਤੀਕ ਹੈ ।

ਸਮਾਜਿਕ ਪ੍ਰਸਥਿਤੀਆਂ ਦੇ ਬਦਲਣ ਦੇ ਨਾਲ – ਨਾਲ ਸਾਹਿਤ ਸਿਰਜਣਾ ਅਤੇ ਸਾਹਿਤਕ ਸਿਧਾਂਤਾਂ ਵਿੱਚ ਵੀ ਬਹੁਤ ਸਾਰੀਆਂ ਤਬਦੀਲੀਆਂ ਆ ਰਹੀਆਂ ਹਨ । ਕੋਈ ਵੀ ਇਨਸਾਨ ਖਾਸ ਕਰਕੇ ਜੇ ਉਹ ਲੇਖਕ ਹੋਵੇ ਤਾਂ ਇਸ ਤੇਜ਼ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ । ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਦ ਹਰ ਇਕ ਚੀਜ਼ ਦਾ ਬਜ਼ਾਰੀਕਰਣ ਹੋ ਚੁਕਿਆ ਹੋਵੇ ਤੇ ਇਨਸਾਨੀ ਰਿਸ਼ਤਿਆਂ ਨੂੰ ਮੰਡੀ ਦੇ ਦ੍ਰਿਸ਼ਟੀਕੋਣ ਤੋਂ ਹੀ ਦੇਖਿਆ ਪਰਖਿਆ ਤੇ ਨਿਭਾਇਆ ਜਾਂਦਾ ਹੋਵੇ ਤਾਂ ਮਾਨਸਿਕ ਟੁੱਟ ਭੱਜ, ਰਿਸ਼ਤਿਆਂ ਦਾ ਪੇਤਲਾਪਣ, ਬੇਭਰੋਸਗੀ ਅਤੇ ਜਿਹਨੀ ਤਰੇੜਾਂ ਦਾ ਕਵਿਤਾ 'ਚ ਆਉਣਾ ਲਾਜ਼ਮੀ ਹੈ। ਮੀਤ ਨੇ ਵੀ ਬੜੀ ਚੰਗੀ ਤਰ੍ਹਾਂ ਇਹਨਾਂ ਗੱਲਾਂ ਨੂੰ ਵਿਚਾਰਿਆ ਤੇ ਚਿਤਰਿਆ ਹੈ ।

ਸ਼ਾਇਰ ਨੂੰ ਉਦਯੋਗੀਕਰਨ ਦੇ ਇਸ ਦੌਰ ਵਿੱਚ ਲਗਾਤਾਰ ਘੱਟ ਰਹੀਆਂ ਛਾਵਾਂ ਤੇ ਮਾਵਾਂ ਦਾ ਬੜੀ ਸ਼ਿਦਤ ਨਾਲ ਅਹਿਸਾਸ ਹੈ ।

ਦੋਸਤੋ !

ਬਣਾਉਣਾ ਮੇਰੀ ਕਬਰ
ਧੁੱਪ 'ਚ ਸੜਦੀ
ਏਸੇ ਜ਼ਮੀਨ ਅੰਦਰ
ਕਿਉਂ ਕਿ
ਜੋ ਦਿੰਦੇ ਸੀ ਛਾਂ
ਉਹ ਰੁੱਖ
ਏਥੋਂ
ਮੈਂ ਆਪ ਹੀ ਵੱਢੇ ਨੇ ।

ਉਸਦੇ ਕਾਵਿ 'ਚ ਅੰਤਰਮੁੱਖਤਾ ਪ੍ਰਧਾਨ ਹੈ । ਸਮਾਜਿਕ ਪੀੜਾਂ ਨੂੰ ਵੀ ਉਹ ਆਪਣੇ ਅੰਤਰਮੁਖੀ ਰੰਗ ਵਿੱਚ ਹੀ ਪ੍ਰਸਤੁਤ ਕਰਦਾ ਹੈ ।

ਜਿਹੜੀ
ਮਹਿਜ਼ ਮਰਿਯਾਦਾ ਖਾਤਿਰ
ਜੁੱਤੀ ਬਣਕੇ
ਲੈਂਦੀ ਏ ਸਾਰੀ ਉਮਰ ਗੁਜ਼ਾਰ
ਉਹ ਔਰਤ ਹੋਵੇਗੀ
ਕਿੰਨੀ ਮਜ਼ਬੂਰ.....
ਕਿੰਨੀ ਲਾਚਾਰ.....

ਸ਼ਾਇਰ ਇਹ ਭਲੀਭਾਂਤ ਜਾਣਦਾ ਹੈ ਸ਼ਕ ਸਿਰਫ ਸਾਹਾਂ ਦੇ ਅੰਦਰ ਬਾਹਰ ਜਾਣ ਨੂੰ ਹੀ ਜ਼ਿੰਦਗੀ ਨਹੀ ਆਖਦੇ ਸਗੋਂ ਕਿਸੇ ਪਿਆਰੇ ਦੀ ਹੋਂਦ ਨੂੰ ਮਹਿਸੂਸ ਕਰਦੇ ਹੋਏ ਉਸਦੇ ਨਾਲ ਉਤਸਵੀ ਪਲ ਬਤੀਤ ਕਰਨਾ ਅਤੇ ਜ਼ਿੰਦਗੀ ਨੂੰ ਉਸਦੀ ਭਰਭੂਰਤਾ ਵਿਚ ਜਿਉਣਾਂ ਹੀ ਅਸਲ ਜੀਵਨ ਹੈ

ਜ਼ਿੰਦਗੀ ਮਹਿਸੂਸਣ ਦਾ ਏ ਨਾਂ

ਸਾਹਾਂ ਦਾ ਨਹੀ ਐ ਦਿਲਬਰ
ਮੈਂ ਹੁਣ ਜ਼ਿੰਦਾ ਨਹੀ ਹਾਂ
ਤੇਰੇ ਭੁੱਲ ਜਾਣ ਤੋਂ ਬਾਅਦ ।

ਅਜੋਕੇ ਦੌਰ ਵਿੱਚ ਆਪਸੀ ਰਿਸ਼ਤਿਆਂ ਵਿੱਚੋਂ ਮੋਹ ਦੇ ਮਨਫੀ ਹੋਣ, ਬੇਭਰੋਸਗੀ ਦਾ ਆਲਮ ਵਧਣ ਅਤੇ ਮੁਹੱਬਤ ਦੇ ਫੁੱਲ ਸ਼ੱਕ ਦੇ ਸੇਕ ਨਾਲ ਕੁਮਲਾਣ ਨੂੰ ਵੀ ਸ਼ਾਇਰ ਨੇ ਬੜੇ ਖੂਬਸੂਰਤ ਅੰਦਾਜ਼ ਵਿੱਚ ਚਿਤਰਿਆ ਹੈ ।

ਸ਼ਾਇਦ ਸ਼ੱਕ ਦਾ ਸੇਕ
ਸੂਰਜ ਦੇ ਸੇਕ ਤੋਂ ਵੱਧ ਹੁੰਦੈ
ਤੇ
ਖ਼ਿਆਲਾਂ ਦੇ ਸਰੋਵਰ 'ਚੋ ਫਿਰ
ਮਹੁਬੱਤ ਦਾ ਨੀਰ
ਪੌੜੀਆਂ ਦਰ ਪੌੜੀਆਂ ਨਹੀ ਘੱਟਦਾ
ਬਸ ਡੱਟਪੱਟ
ਹੋ ਜਾਂਦੈ
ਵਾਸ਼ਪੀਕਰਨ ।

ਇੱਕ ਹੋਰ ਨਜ਼ਮ 'ਹਨੇਰੀ ਦੇ ਲਿਫ਼ਾਫੇ' ਵਿੱਚ ਉਸਨੇ ਅਜੋਕੇ ਮਨੁੱਖ ਦੀ ਦੂਹਰੀ ਮਾਨਸਿਕਤਾ, ਬਜ਼ਾਰੂ ਪਹੁੰਚ ਤੇ ਨਕਾਬਧਾਰੀ ਸੋਚ ਨੂੰ ਬੜੇ ਹੀ ਵਧੀਆ ਸ਼ਬਦਾਂ ਨਾਲ ਚਿਤਰਿਆ ਹੈ । ਮੀਤ ਲਿਖਦੈ....

ਰੁਖ ਬਦਲਿਆ ਤਾਂ
ਮੁੱੜ ਆ ਡਿੱਗੇ
ਮੇਰੀ ਕੁੱਲੀ ਦੀ ਛੱਤ ਉਤੇ

ਮਹਿਲਾਂ ਵੱਲ ਨੂੰ ਉੱਡੇ ਸੀ
'ਨ੍ਹੇਰੀ 'ਤੇ ਯਕੀਨ ਕਰਕੇ
ਮੇਰੇ ਵਿਹੜੇ 'ਚੋ ਲਿਫ਼ਾਫੇ ਜੋ ।

ਮੀਤ ਦੀ ਸ਼ਾਇਰੀ ਦਾ ਮੁੱਖ ਸਾਰੋਕਾਰ ਉਸਦੀ ਨਿੱਜੀ ਵੇਦਨਾ ਹੈ ਅਤੇ ਜ਼ਿਆਦਾਤਰ ਨਜ਼ਮਾਂ ਵਿੱਚ ਸਵੈ ਦਾ ਪ੍ਰਗਟਾਅ ਹੈ । ਉਸਨੇ ਅੱਛੇ ਤਰੀਕੇ ਨਾਲ ਮਾਨਸਿਕ ਦਵੰਧਾਂ, ਜ਼ਿਹਨੀ ਗੁੰਝਲਾਂ, ਚੜ੍ਹਦੀ ਉਮਰ ਦੇ ਸੁਪਨਿਆਂ ਦੇ ਤਿੜਕਣ ਅਤੇ ਮੁਹੱਬਤ ਦੇ ਤੋੜ ਨਾ ਚੜ੍ਹਨ ਦੇ ਵਰਤਾਰੇ ਨੂੰ ਚਿਤਵਿਆ ਹੈ । ਹਿਜ਼ਰਪੁਰਾ, ਕੁਫ਼ਰਨਾਮੇ ਆਦਿਕ ਅਸਲੋਂ ਨਿਵੇਕਲੇ ਸ਼ਬਦਾਂ ਨੂੰ ਵੀ ਆਪਣੇ ਕਾਵਿ ਦਾ ਹਿੱਸਾ ਬਣਾਇਆ ਹੈ । ਇਹ ਸ਼ਾਇਰ ਦਾ ਪਲੇਠਾ ਉੱਦਮ ਹੈ । ਪੰਜਾਬੀ ਸਾਹਿਤ ਜਗਤ ਨੂੰ ਉਸਤੋਂ ਵਡੇਰੀਆਂ ਉਮੀਦਾਂ ਹਨ ਕਿ ਉਸਦੀ ਕਵਿਤਾ ਇਕ ਦਿਨ ਨਿੱਜ ਤੋਂ ਸਮੂਹ ਦਾ ਸਫਰ ਕਰਦੀ ਹੋਈ ਪੰਜਾਬੀ ਸਾਹਿਤ ਵਿੱਚ ਅਮਿੱਟ ਪੈੜਾਂ ਛੱਡੇਗੀ । ਇਸੇ ਆਸ ਅਤੇ ਉਮੀਦ ਵਿੱਚ .....

ਪ੍ਰਭਜੋਤ ਸਿੰਘ ਸੋਹੀ
ਪਿੰਡ ਸੋਹੀਆਂ, ਤਹਿ ਜਗਰਾਓਂ, ਜ਼ਿਲ੍ਹਾ ਲੁਧਿਆਣਾ
(91–9876134028)

ਸਰੋਵਰ

ਤੂੰ ਆਪ ਉਸਾਰਿਆ ਸੀ
ਮੇਰੇ ਖ਼ਿਆਲਾਂ ਦਾ ਪੱਕਾ ਸਰੋਵਰ
ਤੇ ਆਪਣੀ ਮੁਹੱਬਤ ਦੇ ਨੀਰ ਨਾਲ
ਉਸਨੂੰ ਭਰ ਦਿੱਤਾ ਸੀ ਨੱਕੋ ਨੱਕ

ਮੇਰੀਆਂ ਨਜ਼ਮਾਂ ਕਦੋਂ
ਬੱਤਖਾਂ, ਜਲ ਕੁਕੜੀਆਂ, ਮੱਛੀਆਂ ਬਣ ਗਈਆਂ
ਮੈਨੂੰ ਯਾਦ ਨਹੀਂ ।
ਪਰ ਜਿਸ ਦਿਨ ਮੇਰੀ ਨਜ਼ਮ
ਸਹਿਜ ਸੁਭਾ ਹੀ
ਤੇਰੀ ਮੁਹੱਬਤ ਦੇ ਨੀਰ 'ਚੋਂ
ਹੂ-ਬ-ਹੂ ਤੇਰੀ ਸ਼ਕਲ ਵਰਗਾ
ਗੂੜ੍ਹੇ ਗੁਲਾਬੀ ਰੰਗ ਦਾ
ਕਮਲ ਬਣਕੇ ਖਿੜ੍ਹੀ ਸੀ
ਉਹ ਦਿਨ ਯਾਦ ਹੈ ਮੈਨੂੰ

ਤੇ ਮੈਨੂੰ ਇਹ ਵੀ ਯਾਦ ਹੈ
ਤੂੰ ਆਪਣੇ ਵਰਗਾ ਫੁੱਲ ਦੇਖਕੇ
ਬਹੁਤ ਖੁਸ਼ ਹੋਈ ਸੀ ।

ਪਰ ਖੁਸ਼ੀ ਦੀ ਉਮਰ ਵੀ
ਬਸ ਫੁੱਲ ਕੁ ਜਿੰਨੀ ਹੁੰਦੀ ਹੈ ।
ਪਤਾ ਨਹੀ ਕਿਉਂ
ਉਸ ਤੋਂ ਬਾਅਦ ਖਿੜ੍ਹੇ ਸਾਰੇ ਫੁੱਲ
ਤੈਨੂੰ ਮੇਰੇ ਖ਼ਿਆਲਾਂ ਦੀ
ਨਜਾਇਜ਼ ਉਪਜ ਕਿਉਂ ਜਾਪਦੇ ਰਹੇ ।

ਸ਼ਾਇਦ ਸ਼ੱਕ ਦਾ ਸੇਕ
ਸੂਰਜ ਦੇ ਸੇਕ ਤੋਂ ਵੱਧ ਹੁੰਦੇ ।
ਤੇ ਖ਼ਿਆਲਾਂ ਦੇ ਸਰੋਵਰ 'ਚੋਂ ਫਿਰ
ਮੁਹਬੱਤ ਦਾ ਨੀਰ
ਪੌੜੀਆਂ ਦਰ ਪੌੜੀਆਂ ਨਹੀਂ ਘੱਟਦਾ
ਬਸ ਝੱਟਪੱਟ ਹੋ ਜਾਂਦੈ ਵਾਸ਼ਪੀਕਰਨ ।

ਪਰ ਜਿੰਨਾਂ ਕੁ ਮੇਰੇ ਵੱਸ 'ਚ ਸੀ
ਮੈਂ ਸਾਂਭ ਕੇ ਰੱਖ ਲਿਆ

ਆਪਣੇ ਖ਼ਿਆਲਾਂ ਦੇ ਸਰੋਵਰ ਦੇ ਧਰਾਤਲ 'ਤੇ
ਤੇਰੀ ਮੁਹੱਬਤ ਦੀ ਨਮੀ ਨੂੰ
ਤੇ ਹੁਣ ਵੀ ਨਜ਼ਮਾ ਉੱਗ ਹੀ ਆਉਂਦੀਆ ਨੇ
ਕਾਈ ਬਣਕੇ ।

ਰੋਸ

ਮੇਰੀ ਮਹਿਬੂਬ ਨੂੰ ਰੋਸ ਹੈ
ਕਿ ਮੇਰੇ ਵਰਕਿਆਂ 'ਤੇ ਕਿਉਂ ਹੈ
ਬੇਗਾਨੀ ਕਵਿਤਾ
ਤੇ ਕਿਉਂ ਮੇਰੀ ਕਵਿਤਾ 'ਚ ਹੁਣ
ਉਸ ਦਾ ਜ਼ਿਕਰ ਨਹੀ ।

ਪਰ ਮੈਨੂੰ ਰੋਸ ਨਹੀਂ
ਕਿ ਮੇਰੀ ਮਹਿਬੂਬ ਦੀ ਕੁੱਖ 'ਚ ਕਿਉਂ ਹੈ
ਬੇਗਾਨਾ ਅੰਸ਼
ਤੇ ਕਿਉਂ ਉਸਦੀ ਜ਼ਿੰਦਗੀ 'ਚ ਹੁਣ
ਮੇਰਾ ਜ਼ਿਕਰ ਨਹੀ ।

ਤੂੰ ਮੁਸਾਫ਼ਿਰ ਸੀ

ਤੂੰ ਪਤਾ ਨਹੀਂ
ਕਿਸ ਕਿਸ ਨੂੰ ਮਿਲਿਆ ਹੋਵੇਂਗਾ
ਰਾਹੇ ਮੰਜ਼ਿਲ ਵਿਚ ।

ਰਾਹੇ ਮੰਜ਼ਿਲ ਵਿਚ
ਮੈਂ 'ਕੱਲਾ ਸੀ
ਇੱਕ ਰੁੱਖ
ਤਾਂ ਕੀ ਹੋਇਆ ।

ਤਾਂ ਕੀ ਹੋਇਆ
ਜੇ ਥੱਕੇ ਹਾਰੇ
ਤੂੰ ਕੱਟ ਲਏ
ਮੇਰੀ ਛਾਂ ਹੇਠਾਂ
ਉਹ ਕੁੱਝ ਪਲ ।

ਉਹ ਕੁੱਝ ਪਲ
ਜੋ ਤੂੰ ਭੁੱਲ ਗਿਆ
ਤੇ ਭੁੱਲ ਗਿਆ ਮੈਨੂੰ ਵੀ
ਤਾਂ ਕੀ ਹੋਇਆ ।

ਤਾਂ ਕੀ ਹੋਇਆ
ਤੂੰ ਮੁਸਾਫ਼ਿਰ ਸੀ
ਆਖ਼ਿਰ
ਕੀ ਕੀ ਯਾਦ ਰੱਖਦਾ ।

ਹਨ੍ਹੇਰੀ ਦੇ ਲਿਫ਼ਾਫੇ

ਰੁਖ਼ ਬਦਲਿਆ ਤਾਂ
ਮੁੱੜ ਆ ਡਿੱਗੇ
ਮੇਰੀ ਕੁੱਲੀ ਦੀ ਛੱਤ ਉਤੇ
ਮਹਿਲਾਂ ਵੱਲ ਨੂੰ ਉਡੇ ਸੀ
'ਨ੍ਹੇਰੀ 'ਤੇ ਯਕੀਨ ਕਰਕੇ
ਮੇਰੇ ਵਿਹੜੇ 'ਚੋਂ ਲਿਫ਼ਾਫੇ ਜੋ ।

ਗ਼ਰੂਰ

ਬੜਾ ਗ਼ਰੂਰ ਸੀ ਮੈਨੂੰ
ਉਸਦਾ ਅਜ਼ੀਜ਼ ਹੋਣ ਦਾ
ਇਹ ਸੋਚ ਕੇ
ਮੈਂ ਰੁੱਸ ਗਿਆ
ਕਿ ਮਨਾ ਲੈਣੇ ਉਹਨੇ ਛੱਟ ਪੱਟ
ਪਰ ਉਹ ਵੀ
ਇੰਤਜ਼ਾਰ 'ਚ ਸੀ ਕਦੋਂ ਦਾ
ਕਿ ਕਦੋਂ ਮੇਰਾ
ਗ਼ਰੂਰ ਤੋੜਿਆ ਜਾਵੇ ।

ਪਿਆਸ

ਬੇਖ਼ਬਰ,
ਉਹ ਖੁਸ਼ ਹੈ
ਕਿ ਬੁਝ ਗਈ
ਉਸਦੀ ਪਿਆਸ

ਬੇਸਮਝ,
ਮੈਂ ਖੁਸ਼ ਹਾਂ
ਕਿ ਉਹ ਮੇਰੇ
ਹੰਝੂ ਪੀ ਗਿਆ ।

ਤੇਰੀ ਬੇਰੁਖ਼ੀ

ਤੇਰੀ ਬੇਰੁਖ਼ੀ ਦਾ ਜ਼ਿਕਰ
ਹੁਣ ਮੇਰੇ ਵਤਨ ਦੇ
ਪੰਛੀ ਵੀ ਕਰਦੇ ਨੇ
ਮੁੜ ਆਉਂਦੇ ਨੇ ਉਹ ਭੁੱਖੇ
ਚੁਰੀ ਦੀ ਆਸ 'ਚ ਗਏ
ਤੇਰੇ ਵਿਹੜੇ 'ਚ
ਡਰਨਾ ਵੇਖ ਕੇ ।

ਸਿਆਣਪ

ਉਹਦੇ ਦਿਲ ਦੀ
ਕੰਧ 'ਤੋਂ
ਨਹੀਂ ਮਿਟੇ ਹੋਣੇ
ਮੇਰੇ ਨਿਸ਼ਾਨ
ਪਰ ਉਹ ਸਿਆਣਾ ਬਹੁਤ ਹੈ
ਵੇਖੋ ਠੀਕ ਉੱਥੇ
ਲਾ ਦਿੱਤੀ ਏ ਉਹਨੇ
ਤਸਵੀਰ ਕੋਈ ਹੋਰ ।

ਤੇ ਮੈਂ ਮਰ ਗਿਆ

ਵਕਤ ਸੀ ਥੋੜ੍ਹਾ ਜਿਹਾ
ਢੁੱਚਤੀ ਸੀ
ਵਸੀਅਤ ਲਿਖਾਂ
ਜਾਂ ਮਹਿਬੂਬ ਨੂੰ ਖ਼ਤ
ਪਰ
ਮੈ ਇੱਕ ਨਜ਼ਮ ਲਿਖੀ
ਤੇ ਫਿਰ ਮੈਂ
ਸਕੂਨ ਨਾਲ ਮਰ ਗਿਆ ।

ਵਜੂਦ

ਨਿਕਲਿਆ
ਜੋ ਮੈਂ
ਤੇਰੇ ਤੋਂ ਵੱਖ
ਆਪਣਾ
ਵਜੂਦ ਲੱਭਣ
ਜ਼ਿੰਦਗੀ
ਮੁੱਕਣ ਤੇ ਹੈ
ਪਰ
ਮੈਂ
ਅਜੇ ਵੀ
ਸਫ਼ਰ 'ਚ ਹਾਂ ।

ਮੇਰੀ ਕਬਰ

ਦੋਸਤੋ,
ਬਣਾਉਣਾ ਮੇਰੀ ਕਬਰ
ਧੁੱਪ 'ਚ ਸੜਦੀ
ਏਸੇ ਜ਼ਮੀਨ ਅੰਦਰ
ਕਿਉਂਕਿ
ਜੋ ਦਿੰਦੇ ਸੀ ਛਾਂ
ਓਹ ਰੁੱਖ
ਏਥੋਂ
ਮੈਂ ਆਪ ਹੀ ਵੱਢੇ ਨੇ ।

ਰੰਗੀਨ ਉਜਾਲੇ

ਦੁਨੀਆਂ ਤੋਂ ਬੇਖ਼ਬਰ ਮੈਨੂੰ
ਹਨੇਰਿਆਂ 'ਚ ਰੋ ਲੈਣ ਦੇ
ਮੇਰੇ ਹੰਡੂਆਂ ਦੀ ਨੁਮਾਇਸ਼ ਲਈ
ਰੰਗੀਨ ਉਜਾਲੇ ਨਾ ਕਰ ।

ਦਰਦਾਂ ਨਾਲ ਪਾ ਕੇ ਪ੍ਰੀਤ ਮੈਂ
'ਕੱਲਿਆਂ ਰਹਿਣਾ ਸਿੱਖ ਲਿਆ
ਮਰ ਜਾਵਾਂਗਾ ਐਵੇਂ ਮੈਨੂੰ
ਭੀੜ ਦੇ ਹਵਾਲੇ ਨਾ ਕਰ ।

ਡਿੱਗ ਜਾਂਦੀਆਂ ਨੇ ਪਹਿਲੇ ਹੁਲਾਰੇ
ਤਾਂਹੀ ਇਨ੍ਹਾਂ ਤੋਂ ਹਟਵਾਂ ਬਹਿੰਦਾ ਹਾਂ
ਸ਼ੋਹਰਤ ਦੀਆਂ ਕੰਧਾਂ 'ਤੇ, ਮੇਰੇ ਲਈ
ਮਹਿਲ ਬਣਾਉਣ ਦੇ ਉਪਰਾਲੇ ਨਾ ਕਰ ।

ਬਣਨਾ ਨਹੀਂ ਚਾਹੁੰਦਾ ਮੈਂ ਕਿਸੇ
ਮਸ਼ਹੂਰ ਅਖ਼ਬਾਰ ਦੀ ਸੁਰਖੀ,
ਕੋਈ ਸਵਾਦੀ ਭੋਜਨ ਸਮਝਕੇ
ਮੇਰੀ ਜ਼ਿੰਦਗੀ 'ਚ ਮਸਾਲੇ ਨਾ ਭਰ ।

ਮੇਰੇ ਕੋਲ ਜਵਾਬਾਂ ਦੀ ਛੱਤਰੀ ਨਹੀਂ
ਹੇ ਸਮਾਜ ਦੇ ਪੜ੍ਹੇ ਲਿਖੇ ਬੱਦਲ,
ਸਵਾਲਾਂ ਦਾ ਤੇਜ਼ਾਬੀ ਮੀਂਹ ਪਾ ਕੇ
ਮੇਰੀ ਰੂਹ 'ਤੇ ਛਾਲੇ ਨਾ ਕਰ ।

ਮੈਂ ਨਹੀਂ ਚਾਹੁੰਦਾ ਮੇਰਾ ਦਰਦ
ਕਰੇ ਕਿਸੇ ਦਾ ਮਨੋਰੰਜਨ
ਮੇਰੇ ਲਹੂ 'ਚ ਡੋਬ ਕੇ ਕਲਮ
ਐਵੇਂ ਕਿਤਾਬਾਂ ਰਸਾਲੇ ਨਾ ਭਰ ।

ਮੰਥਨ

(ਸ਼ਿਵ ਕੁਮਾਰ ਬਟਾਲਵੀ ਜੀ ਨੂੰ ਸੰਬੋਧਿਤ)

ਮੇਰੇ ਸ਼ਹਿਰ ਦੇ ਕੁਝ ਲੋਕ
ਬਣ ਗਏ ਨੇ ਦੇਵਤੇ
ਤੇ ਬਾਕੀ ਦੈਂਤ ਹੀ ਨੇ
ਅੱਜ ਜੋ
ਤੇਰੇ ਗੀਤਾਂ ਦੇ ਸਾਗਰ ਦਾ
ਕਰ ਰਹੇ ਨੇ ਮੰਥਨ
ਇਸ ਵਾਰ ਸ਼ੇਸ਼ਨਾਗ ਨਹੀਂ
ਸ਼ਾਇਦ ਕਿਸੇ ਪ੍ਰੇਮਿਕਾ ਦੀ ਚੁੰਨੀ ਹੈ
ਮਧਾਣੀ ਦੀ ਥਾਂ
ਮੰਦਰਾਂਚਲ ਪਰਬਤ ਵਾਂਗ ਅੱਟਲ
ਵਰਤਮਾਨ ਸਮੇਂ ਦੀ ਸੋਚ
ਮਿਲਾਪ ਦੇ ਕਟੋਰੇ 'ਚੋਂ
ਕਾਮ ਦਾ ਅਮ੍ਰਿਤ

ਤਾਂ ਸਾਰੇ ਹੀ ਪੀਣਾ ਚਾਹੁੰਦੇ ਨੇ
ਤੇ ਸਾਰੇ ਪੀ ਵੀ ਲੈਣਗੇ
ਪਰ ਹੇ ਸ਼ਿਵ !
ਬਿਰਹਾ ਦੇ ਘੜੇ 'ਚ ਭਰੇ
ਗਮਾਂ ਦੇ ਜ਼ਹਿਰ ਦਾ ਦਾਵੇਦਾਰ
ਤੇਰੇ ਤੋਂ ਬਗੈਰ ਹੋਰ ਕੋਈ ਵੀ ਨਹੀਂ ।

ਪਰੀ

ਇੱਕ ਪਰੀ ਮੇਰੇ ਸੁਪਨੇ 'ਚ
ਸਰਘੀ ਵੇਲੇ ਆਈ ਸੀ ।
ਤੇਰੇ ਵਰਗਾ ਮੁੱਖ ਸੀ ਓਹਦਾ,
ਜਿਵੇਂ ਆਪਣੀ ਹੀ ਜਾਈ ਸੀ ।

ਮੇਰੇ ਵਰਗੀਆਂ ਅੱਖਾਂ ਦੇ ਵਿਚ
ਤੇਰੇ ਵਰਗੀ ਤੱਕਣੀ ਸੀ ।
ਰੰਗ ਓਹਦਾ ਪਰ ਤੇਰੇ ਵਰਗਾ
ਕਣਕ ਜਿਵੇਂ ਅਜੇ ਪੱਕਣੀ ਸੀ ।
ਓਹਨੂੰ ਤੱਕ ਤੇਰੀ ਹੀ ਲੱਗੇ
ਸੂਰਤ ਕਾਗਜ਼ ਉੱਤੇ ਵਾਹੀ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਆਪਣੀ ਹੀ ਰੂਹ ਦਾ ਮੈਨੂੰ

ਅਕਸ ਜਿਹਾ ਜਾਪ ਰਹੀ ਸੀ ।
ਓਹ ਵੀ ਰਟ ਕੋਈ ਤੇਰੇ ਵਾਲੀ
ਲੱਗਿਆ ਮੈਨੂੰ ਅਲਾਪ ਰਹੀ ਸੀ ।
ਜੋ ਤੈਨੂੰ ਦਿੱਤੀ ਗਾਨੀ ਸੀ ਮੈਂ,
ਓਹਨੇ ਗਲ ਵਿਚ ਪਾਈ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਪਤਲੀਆਂ ਪਤਲੀਆਂ ਬੁੱਲੀਆਂ ਦੇ ਵਿਚ
ਕੋਈ ਕਵਿਤਾ ਮੇਰੀ ਗਾ ਰਹੀ ਸੀ ।
ਮੈਨੂੰ ਆਖ਼ਰੀ ਮੁਲਾਕਾਤ ਵਾਲੀ,
ਤੇਰੀ ਸੂਰਤ ਚੇਤੇ ਆ ਰਹੀ ਸੀ ।
ਤੇਰੇ ਵਾਂਗੂੰ ਜਿੱਦੀ, ਉਠ ਉਠ ਜਾਂਦੀ,
ਮੈਂ ਘੂਰੀ ਵੱਟ ਬਿਠਾਈ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਮੇਰਾ ਓਹਦਾ, ਓਹਦਾ ਤੇਰਾ,
ਅਜੇ ਨਾਤਾ ਚਾਹੇ ਸਾਫ਼ ਨਹੀਂ ।
ਸੁਪਨੇ ਦੇ ਵਿਚ ਧੀ ਦਾ ਜੰਮਣਾ,
ਪਰ ਸ਼ਾਇਦ ਕੋਈ ਪਾਪ ਨਹੀਂ ।

ਇਸ ਲਈ ਆਪਣੀ ਧੀ ਕਹਿ ਕੇ,
ਮੈਂ ਸੀਨੇ ਦੇ ਨਾਲ ਲਾਈ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਮੇਰਾ ਜੀਵਨ – ਇੱਕ ਨਜ਼ਮ

ਆਦਿ ਤੋਂ ਹੀ
ਮੇਰਾ ਮਨ
ਮੈਲ੍ਹ ਨਾਲ ਲੱਥ ਪੱਥ ਸੀ
ਕਿਉਂਕਿ
ਤੂੰ ਨਾਮ ਦੀ ਸਾਫ਼, ਸ਼ੀਤਲ, ਪਵਿੱਤਰ
ਤੇ ਸਦਾ ਆਪਣੀ ਲੈਅ 'ਚ
ਵਹਿੰਦੀ ਰਹਿਣ ਵਾਲੀ ਨਦੀ
ਹਮੇਸ਼ਾ ਮੇਰੀ ਪਹੁੰਚ ਤੋਂ ਬਹੁਤ ਦੂਰ ਸੀ
ਪਰ ਅੱਜ ਕਿਸੇ ਨੇ ਬੁੱਕ ਭਰਕੇ
ਤੂੰ' ਨਾਮ ਵਾਲੀ ਨਦੀ ਦਾ ਪਾਣੀ
ਮੇਰੇ ਮਨ 'ਤੇ ਛਿੜਕ ਦਿੱਤਾ
ਫਿਰ ਮੈਂ ਰਗੜ ਰਗੜ ਕੇ
ਮਨ ਦੀ ਸਾਰੀ ਮੈਲ੍ਹ ਲਾਹ ਦਿੱਤੀ
ਤੇ ਸਾਰੀ ਮੈਲ੍ਹ 'ਕੱਠੀ ਕਰਕੇ
ਮੈਲ੍ਹ ਨੂੰ ਅੱਖਰਾਂ ਦਾ ਰੂਪ ਦਿੱਤਾ

ਉਨ੍ਹਾਂ ਅੱਖਰਾਂ ਨੂੰ ਜੋੜ ਜੋੜ ਕੇ
ਮੈਂ ਕੁਝ ਸਤਰਾਂ ਲਿਖੀਆਂ
ਜੋ ਮੈਂ ਉਸ 'ਤੂੰ' ਨਾਮ ਦੀ ਨਦੀ ਨੂੰ
ਸਮਰਪਿਤ ਕੀਤੀਆਂ
ਲੋਕ ਉਸਨੂੰ 'ਇੱਕ ਨਜ਼ਮ' ਕਹਿੰਦੇ ਹਨ
ਅਤੇ ਮੈਂ ਉਸਨੂੰ 'ਆਪਣਾ ਜੀਵਨ' ਦੱਸਦਾ ਹਾਂ ।

ਦਰਦ

ਕਿਸੇ ਵੇਸਵਾ ਦੇ ਘਰ ਦਾ,
ਬੁੜਿਆ ਬਲਬ ਬਣ ਗਏ ਨੇ ।
ਦਿਲ ਦਾ ਮਾਸ ਖਾਣੇ ਦਰਦ,
ਕੈਸੀ ਤਲਬ ਬਣ ਗਏ ਨੇ ।

ਹੁਣ ਕੋਈ ਐਸਾ ਦਰਦ ਦੇਵੇ,
ਕਿ ਮੈਨੂੰ ਮੌਤ ਆ ਜਾਵੇ,
ਤੇਰੇ ਪਹਿਲੇ ਦਿਤੇ ਦਰਦ ਤਾਂ,
ਜੀਣ ਦਾ ਸਬੱਬ ਬਣ ਗਏ ਨੇ ।

ਸ਼ਿਵ ਦੀਆਂ ਜ਼ੁਲਫਾਂ 'ਚੋਂ,
ਉਤਾਰ ਕੋਈ ਨਵੀਂ ਗੰਗਾ,
ਮੇਰੀ ਕਾਲੀ ਰੂਹ ਉਤੇ,
ਚਿੱਟੇ ਚਿੱਟੇ ਡੱਬ ਬਣ ਗਏ ਨੇ ।

ਰੰਗ ਉੱਡੀ ਜਿਹੀ ਯਾਦ ਇੱਕ
ਢੁੱਡੇ ਕਬਰਾਂ 'ਚੋਂ ਹਾਣੀ,
ਮਨਮੋਹਣੇ ਓਹ ਯਾਰ
ਮੇਰੇ ਭਾਅ ਦਾ ਯੱਬ ਬਣ ਗਏ ਨੇ ।

ਤੇਰੀ ਬਿਰਹਾ ਦੇ ਗੀਤਾਂ ਨੇ,
ਮੈਨੂੰ ਬੁੱਤ ਤੋਂ ਇਨਸਾਨ ਕੀਤਾ,
ਕਰ ਨਾਸਤਕ ਤੋਂ ਆਸਤਕ,
ਮੀਤ, ਮੇਰਾ ਰੱਬ ਬਣ ਗਏ ਨੇ ।

ਮੈਂ ਪੁੱਛਿਆ

ਮੈਂ ਪੁੱਛਿਆ
ਮਹਿਬੂਬ ਹੁਣ ਤੂੰ
ਮੈਨੂੰ ਬੁਲਾਵੇਂਦੀ ਕਿਉਂ ਨਹੀਂ
ਆਪਣੇ ਸੁਪਨਿਆਂ ਵਿਚ

ਉਸ ਆਖਿਆ,
ਰਾਤ ਭਰ ਹੁਣ ਮੈਂ
ਜਾਗਦੀ ਰਹਿੰਦੀ ਹਾਂ
ਤੇ ਭਟਕਦੀ ਰਹਿੰਦੀ ਹਾਂ
ਖ਼ਿਆਲਾਂ ਦੇ ਹਨੇਰੇ ਜੰਗਲ ਵਿਚ
ਸੁਪਨਿਆਂ ਦੀ ਪੰਡ ਸਿਰ 'ਤੇ ਚੁੱਕੀ
ਨੀਂਦ ਨੂੰ ਲੱਭਦੀ ਲੱਭਦੀ
ਤੇ ਪਹੁੰਚ ਜਾਂਦੀ ਹਾਂ
ਜੰਗਲ ਦੇ ਅਖ਼ੀਰ ਤੱਕ
ਤੇ ਖ਼ੁਦ ਗਵਾਚ ਜਾਂਦੀ ਹਾਂ ।

ਮੈਂ ਪੁੱਛਿਆ ਮਹਿਬੂਬ ਹੁਣ ਤੂੰ
ਮੈਨੂੰ ਬੁਲਾਵੇਂਦੀ ਕਿਉਂ ਨਹੀਂ
ਆਪਣੇ ਖ਼ਿਆਲਾਂ ਵਿਚ

ਉਸ ਆਖਿਆ
ਰਾਤ ਨੂੰ ਤੁਰਦੀ ਹਾਂ ਜਦ ਮੈਂ
ਸੋਚ ਦੀ ਉਂਗਲ ਫੜ੍ਹ ਕੇ
ਦਿਲ ਤੇ ਦਿਮਾਗ ਵਿਚਲੀ ਪਗਡੰਡੀ 'ਤੇ
ਖ਼ਿਆਲਾਂ ਦੇ ਸਫ਼ਰ 'ਤੇ
ਉਹ ਲੈ ਜਾਂਵਦੀ ਏ ਮੈਨੂੰ
ਕਦੇ ਹਨੇਰੇ ਜੰਗਲਾਂ 'ਚ
ਕਦੇ ਖੰਡਰਾਂ 'ਚ
ਤੇ ਕਿਸੇ ਪੁਰਾਣੇ
ਦਰਦਨਾਕ ਹਾਦਸੇ ਦੇ ਡਰ ਤੋਂ
ਇਨ੍ਹਾਂ ਥਾਂਵਾਂ 'ਤੇ
ਮੈਂ ਤੇਰਾ ਸਾਥ ਨਹੀਂ ਲੋਚਦੀ

ਮੈਂ ਓਹਦੀ ਗੱਲ ਟੋਕ ਕੇ ਪੁੱਛਿਆ,
ਤੇ ਦਿਨੇਂ

ਉਸ ਆਖਿਆ,
ਦਿਨੇਂ ਕਾਇਨਾਤ ਡਰਦੀ ਹੈ
ਮੇਰੇ ਖ਼ਿਆਲਾਂ ਤੋਂ
ਇਸ ਲਈ ਮੇਰੀ ਸੋਚ 'ਤੇ
ਲਗਾ ਦਿਤਾ ਗਿਆ ਹੈ ਕਰਫ਼ਿਊ ।

ਅਖੀਰ ਮੈਂ ਇੱਕ ਗੱਲ ਹੋਰ ਪੁੱਛਣੀ ਸੀ
ਕਿ ਮਹਿਬੂਬ
ਹੁਣ ਤੂੰ ਮੈਨੂੰ ਬੁਲਾਵੰਦੀ ਕਿਉਂ ਨਹੀਂ
ਆਪਣੇ ਸ਼ਹਿਰ
ਪਰ ਚਲੋ ਇਹ ਗੱਲ ਕਦੇ ਫੇਰ ਸਹੀਂ

ਤੈਨੂੰ ਕੁਝ ਨਹੀਂ ਪਤਾ

ਤੈਨੂੰ ਕੀ ਪਤਾ
ਸਹਿਣਾ ਹੁੰਦੈ
ਕਿੰਨਾਂ ਔਖਾ
ਸ਼ਮਾਂ ਦੀ
ਫੜ੍ਹ ਫੜ੍ਹਾਉਂਦੀ
ਲੌਅ ਲਈ
ਸ਼ਮਾਂਦਾਨ ਦੇ ਟੁੱਟ ਕੇ
ਖਿੱਲਰ ਜਾਣ
ਦੀ ਪੀੜ੍ਹ ਨੂੰ

ਤੂੰ ਤੇ
ਆਪਣੇ ਵੇਗ
ਨਾਲ ਆਇਆ
ਤੇ ਸ਼ਮਾਂਦਾਨ
ਸੁੱਟ ਦਿੱਤਾ ਭੁਵਾਂ ਕੇ

ਖ਼ੂਬਸੂਰਤ ਦਿਸਦੇ
ਕਠੋਰ ਸੰਗਮਰਮਰ 'ਤੇ
ਤੇ ਬਿਨਾਂ ਮੁੜੇ ਪਿਛੇ ਦੇਖੇ
ਤੁਰ ਗਿਆ
ਕਿਸੇ ਹੋਰ
ਰੁਸ਼ਨਾਉਂਦੇ ਘਰ ਵੱਲ

ਤੂੰ ਰੁੱਕੇ ਸਮੇਂ ਨੂੰ
ਬੁਝ ਰਹੀ ਸ਼ਮਾਂ ਨੂੰ
ਟੁੱਟ ਕੇ ਖਿੱਲਰ ਗਏ
ਸ਼ਮਾਂਦਾਨ ਲਈ
ਵਿਲਕਦੇ ਨਹੀਂ ਵੇਖਿਆ
ਤੂੰ ਕਦੇ ਇਸ ਮਾਤਮ 'ਚ
ਸ਼ਰੀਕ ਨਹੀਂ ਹੋਇਆ

ਤੈਨੂੰ ਕੀ ਪਤਾ ਹੋਣੈ
ਕਿਸੇ ਦੇ ਘਰ ਨੂੰ
ਹਨ੍ਹੇਰਾ ਕਿੰਨੀਆਂ ਕੁ
ਟਿਚਰਾਂ ਕਰਦੈ
ਤੇ ਕਿੰਨੇਂ ਕੁ
ਉੱਲੂ ਆ ਬਹਿੰਦੇ ਨੇ ਬਨੇਰੇ 'ਤੇ

ਤੇ ਕਿੰਨੀਆਂ ਕੁ ਚਮਚਚਿੜਕਾਂ
ਆ ਚੰਬੜ ਦੀਆਂ ਨੇ
ਹਨ੍ਹੇਰੇ ਘਰ ਦੀ ਛੱਤ ਨਾਲ

ਤੈਨੂੰ ਕੁਝ ਨਹੀਂ ਪਤਾ
ਤੂੰ ਤਾਂ ਬਸ
ਹਵਾ ਦਾ ਝੋਂਕਾ ਏਂ ।

ਤੇਰੇ ਮੇਰੇ ਵਿਚਾਰ

ਉਂਝ ਵੀ
ਤੇਰੇ ਮੇਰੇ
ਵਿਚਾਰਾਂ ਦੇ ਸੰਭੋਗ 'ਚੋਂ
ਬਹਿਸ ਹੀ ਜੰਮਣੀ ਸੀ
ਇਸ ਲਈ ਹੁਣ
ਮੈਨੂੰ ਅਫ਼ਸੋਸ ਨਹੀਂ
ਕਿ ਮੇਰੇ ਵਿਚਾਰਾਂ ਦੀ ਕੁੱਖ
ਬਾਂਝ ਹੈ
ਚੱਲ ਛੱਡ, ਹੁਣ ਆਪਾਂ
ਤੇਰੇ ਵਿਚਾਰਾਂ ਵਰਗਾ
ਸੋਹਣਾ ਜਿਹਾ ਕੋਈ ਗੀਤ
ਗੋਦ ਲੈ ਲੈਂਦੇ ਹਾਂ ।

ਇਹ ਰਾਤ

ਬੜੀ ਮਨਹੂਸ
ਬੜੀ ਖ਼ੌਫ਼ਨਾਕ
ਹਾਦਸਿਆਂ ਭਰੀ
ਸਦਮਿਆਂ ਭਰੀ
ਇਹ ਰਾਤ ਹੈ

ਇਸ ਰਾਤ
ਪਹਿਲਾਂ,
ਮਤਲਬਖ਼ੋਰੀ ਡੈਮ ਦਾ ਪਾਣੀ
ਤੋੜ ਕੇ ਦੋਸਤੀ ਦੇ ਬੰਨ
ਲੈ ਗਿਆ ਰੋੜ੍ਹ
ਮੇਰੇ ਵਿਸ਼ਵਾਸ ਦੀ ਫ਼ਸਲ

ਫਿਰ,
ਬਿਨਾਂ ਮੇਰੇ ਨਾ ਕੋਈ

ਨੋਟ ਲਿਖੇ
ਨਾਸਤਿਕਤਾ ਦੀ ਸਲਫ਼ਾਸ ਖਾ ਕੇ
ਮੇਰੇ ਰੱਬ ਨੇ
ਕਰ ਲਈ ਖੁਦਕੁਸ਼ੀ

ਤੇ ਅਖ਼ੀਰ
ਮੀਤ ਵੀ ਬੇਦਾਵਾ ਦੇ ਕੇ
ਤੁਰ ਗਿਆ ਸੂਰਜ ਦੇ ਸ਼ਹਿਰ ਵੱਲ
ਮੈਨੂੰ ਖ਼ਿਆਲਾਂ ਦੇ ਪਿੰਡ 'ਚ
'ਕੱਲਾ ਛੱਡ ਕੇ
ਜਿਥੇ
ਇਸ ਰਾਤ ਤੋਂ ਡਰਿਆ ਹੋਇਆ
ਹੁਣ ਦਿਨ ਨਹੀ ਚੜ੍ਹਦਾ ।

ਮੈਂ ਨਿਰਾਸ਼ਾਵਾਦੀ ਹਾਂ

ਹੁਣ ਮੈਂ ਚਾਹੁੰਦਾ ਹਾਂ
ਕੀ ਖੁਦ ਨੂੰ
ਇਸ ਚੰਨ ਤੇ ਸੂਰਜ ਦੀ ਦੁਨੀਆ 'ਚੋਂ
ਪੂਰੀ ਤਰ੍ਹਾਂ ਸਮੇਟ
ਲੈ ਜਾਵਾਂ
ਉਸ ਕਾਲੀ ਸ਼ਾਹ ਹਨ੍ਹੇਰੀ ਦੁਨੀਆ 'ਚ
ਜਿਥੇ ਇਕ ਦੀਵਾ ਜਗਾਉਣਾ ਵੀ
ਪਾਪ ਹੋਵੇ

ਹੁਣ ਮੈਂ ਸੋਚਦਾ ਹਾਂ
ਗੂੰਗਾ ਹੋ ਜਾਵਾਂ
ਕਿਉਂਕਿ ਕਿਸੇ ਨੂੰ ਮਸ਼ਵਰਾ ਦੇਣ ਤੋਂ ਚੰਗਾ ਹੈ
ਚੁੱਪ ਗਹਿਣਾ
ਇਸ ਲਈ ਮੈਂ ਆਪਣੀ
ਬਹੁਤਾ ਬੋਲਣ ਵਾਲੀ ਜ਼ੁਬਾਨ

ਕੱਟ ਕੇ ਕਰਦਾ ਹਾਂ ਅਰਪਣ
ਆਪਣੇ ਦੋਸਤਾਂ ਨੂੰ

ਹੁਣ ਮੈਂ ਨਿਰਾਸ਼ਾਵਾਦੀ ਹਾਂ
ਮੇਰੀ ਆਸ਼ਾਵਾਦੀ ਸੋਚ ਨੇ
ਮੇਰੇ ਤੋਂ ਸਭ ਕੁਝ ਖੋਹ ਲਿਆ
ਮੇਰਾ ਰੱਬ, ਮੇਰਾ ਪਰਿਵਾਰ,
ਮੇਰੇ ਦੋਸਤ, ਮੇਰਾ ਮੀਤ
ਤੇ ਹਾਂ ਮੇਰਾ ਆਪਣਾ ਆਪ ਵੀ
ਤੇ ਹੁਣ ਮੈਂ ਖਾਲੀ ਹਾਂ
ਇਸ ਲਈ
ਹੁਣ ਮੈਂ ਨਿਰਾਸ਼ਾਵਾਦੀ ਹਾਂ ।

ਮੇਰੇ ਡਰ ਨੇ ਮੈਨੂੰ ਰੋਕੀ ਰੱਖਿਆ

ਮੇਰੇ ਬੇਰੁਜ਼ਗਾਰ ਪੋਂਟਿਆਂ ਦਾ
ਤੇਜ਼ਾਬੀ ਮੁੜ੍ਹਕਾ
ਕਰ ਨਾ ਦੇਵੇ ਛਾਲੇ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਤੇਰੀ ਬਾਂਹ
ਫੜ੍ਹਨ ਤੋਂ ਰੋਕੀ ਰੱਖਿਆ ।

ਮੇਰੇ ਬੇਬਸ ਹੌਂਕਿਆਂ ਦੀ
ਜ਼ਹਿਰੀਲੀ ਹਵਾੜ੍ਹ
ਘੁੱਲ ਨਾ ਜਾਵੇ
ਤੇਰੇ ਸਾਹਾਂ 'ਚ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਤੈਨੂੰ

ਚੁੰਮਣ ਤੋਂ ਰੋਕੀ ਰੱਖਿਆ ।

ਮੇਰੀ ਹਿੱਕ 'ਚ ਬਲਦੀ
ਬੁਜ਼ਦਿਲੀ ਦੀ ਅੱਗ ਦਾ ਸੇਕ
ਸਾੜ੍ਹ ਨਾ ਦੇਵੇ
ਤੇਰੇ ਦਿਲ ਵਿਚਲੇ ਅਰਮਾਨ ਵੀ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਤੈਨੂੰ ਆਪਣੀਆਂ ਬਾਹਾਂ 'ਚ
ਭਰ ਲੈਣ ਤੋਂ ਰੋਕੀ ਰੱਖਿਆ ।

ਮੇਰੀ ਬਦਨਾਮ ਕਲਮ ਹੱਥੋਂ
ਮੇਰੀਆਂ ਮੂੰਹ-ਫੱਟ ਨਜ਼ਮਾਂ 'ਚ
ਹੋ ਨਾ ਜਾਵੇ ਦਾਗ਼ੀ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਆਪਣੇ ਕਾਗਜ਼ਾਂ 'ਤੇ ਤੇਰਾ ਪਾਕ ਨਾਂ
ਲਿੱਖਣ ਤੋਂ ਰੋਕੀ ਰੱਖਿਆ ।

ਮੀਤ

ਤੇਰੇ ਨਾਂ ਦੇ ਸਿਰਲੇਖ ਹੇਠਾਂ
ਇਹ ਨਜ਼ਮ ਜੋ ਮੈਂ ਲਿਖ ਰਿਹਾ ਹਾਂ
ਨਹੀਂ,
ਇਹ ਨਜ਼ਮ ਜੋ ਮੈਂ ਜੀਅ ਰਿਹਾ ਹਾਂ
ਸ਼ਾਇਦ
ਚੰਦ ਪੰਕਤੀਆਂ 'ਚ ਹੀ ਸਿਮਟ ਜਾਵੇ
ਕਿਉਂਕਿ
ਇਸਦੇ ਹਰਫ਼ ਬਹੁਤ ਮਹਿੰਗੇ ਨੇ
ਸਾਹਾਂ ਜਿੰਨੇ
'ਤੇ ਸਾਹ ਬਹੁਤ ਥੋੜ੍ਹੇ ਨੇ
ਸ਼ਾਇਦ
ਚੰਦ ਪੰਕਤੀਆਂ ਜੋਗੇ ।

ਸ਼ਹਿਰ ਕਿ ਜੰਗਲ

ਜੰਗਲਾਂ ਵੱਲ ਸ਼ਹਿਰ ਜਾ ਰਿਹਾ ।
ਜਾਂ ਸ਼ਹਿਰਾਂ ਵੱਲ ਜੰਗਲ ਆ ਰਿਹਾ ।
ਕਦੇ ਇਥੇ ਇਨਸਾਨ ਵੱਸਦੇ ਸਨ,
ਅੱਜ ਜੰਗਲ ਬਣੇ ਸ਼ਹਿਰ ਦਾ ਮੈਂ ਕੀ ਕਰਾਂ ?

ਮੱਝਾਂ ਗਾਵਾਂ ਮਰ ਰਹੀਆਂ ਨੇ ।
ਤਾਂ ਹੀ ਇੱਲਾਂ ਉਡਾਰੀ ਭਰ ਰਹੀਆਂ ਨੇ ।
ਦਿਖੇ ਕੋਈ ਬੋਟ ਕਿ ਬੋਚ ਕੇ ਖਾ ਜਾਵਣ,
ਬਾਜ਼ਾਂ ਦੇ ਇਸ ਕਹਿਰ ਦਾ ਮੈਂ ਕੀ ਕਰਾਂ ?

ਹੁੰਦਾ ਇਨਸਾਨ ਤਾਂ ਦੇਖ ਕੇ ਲੰਘਦਾ ।
ਫ਼ਸਲਾਂ ਨੂੰ ਉਜਾੜਨ ਤੋਂ ਸੰਗਦਾ ।
ਇਹ ਤਾਂ ਹੈ ਜੰਗਲੀ ਕੁੱਤਿਆਂ ਦਾ ਝੁੰਡ,
ਅਵਾਜ਼ ਦਿੱਤੇ ਵੀ ਨਾ ਠਹਿਰਦਾ ਮੈਂ ਕੀ ਕਰਾਂ ?

ਇੱਕ ਅੱਖ ਵਿਚ ਹੁੰਦੇ ਮੁੱਕ ਜਾਂਦੇ ।
ਹੰਡ੍ਹੂ ਦੋ ਚਾਰ ਹੁੰਦੇ ਮੁੱਕ ਜਾਂਦੇ ।
ਪਰ ਘਰ ਘਰ ਵਿਚ ਹੰਡ੍ਹੂਆਂ ਦੀ
ਬੰਨ੍ਹ ਤੋੜ੍ਹ ਵਗਦੀ, ਨਹਿਰ ਦਾ ਮੈਂ ਕੀ ਕਰਾਂ ?

ਝੱਟ ਪੱਟ ਜੇ ਮਾਰ ਦਿੰਦਾ ।
ਬੇਝਿਜਕ ਹੱਸ ਕੇ ਮੈਂ ਪੀ ਲੈਂਦਾ ।
ਮੀਤ, ਪਰ ਤਰਸਾ ਤਰਸਾ ਕੇ ਮਾਰਦੇ
ਮਿੱਠੇ ਜਿਹੇ, ਇਸ ਜ਼ਹਿਰ ਦਾ ਮੈਂ ਕੀ ਕਰਾਂ ?

ਸਫ਼ਰ

ਤੂੰ ਕਹੇਂ ਤਾਂ
ਮੈਂ ਘੜੀ ਦੀਆਂ ਸੂਈਆਂ 'ਤੇ ਬੈਠ
ਕਰਾਂਗਾ ਸਫ਼ਰ
ਪਰ ਹੇ! ਮੇਰੀ ਮਹਿਬੂਬ
ਤੂੰ ਵਾਅਦਾ ਕਰ
ਕਿ ਤੂੰ ਕਿਸੇ ਨਾ ਕਿਸੇ ਅੰਕ ਤੇ ਖੜ੍ਹੀ
ਮੇਰਾ ਇੰਤਜ਼ਾਰ ਕਰੇਂਗੀ ।

ਅਰਥ

ਮਹਿਬੂਬ ਦੀ ਸੋਚ ਵਾਲੇ ਕਾਗਜ਼ 'ਤੇ
ਮੈਂ ਲਿਖੀ ਪਿਆਰ ਦੀ ਇਕ ਨਜ਼ਮ
ਮੈਂ ਜਦ ਲਿਖੀ ਸੀ ਤਾਂ
ਅਰਥ ਕੁੱਛ ਹੋਰ ਸਨ
ਜਦ ਉਸਨੇ ਪੜ੍ਹੀ ਤਾਂ
ਉਸਦੇ ਅਰਥ ਬਦਲ ਗਏ ।

ਤੇ ਦੱਸ ਮੈਂ ਕਦ ਕਿਹਾ

ਤੇਰੇ, ਬੁੱਧ ਦੇ ਬੁੱਤ ਜਿਹੇ ਦੀ
ਸਦੀਵੀਂ ਚੁੱਪ ਜਰਨਾ ।
ਤੇਰੀ ਚੁੱਪ ਦਾ ਪੱਥਰ,
ਪਿੱਠ 'ਤੇ ਧਰਨਾ ।
ਦੁਨੀਆਂ ਦੀਆਂ ਗੱਲਾਂ ਦਾ
ਫਿਰ ਦਰਿਆ ਤਰਨਾ ।
ਤੇ ਕਿਨਾਰੇ ਪਹੁੰਚ ਕੇ
ਅਖ਼ੀਰ ਡੁੱਬ ਮਰਨਾ ।
ਤੇ ਦੱਸ ਮੈਂ ਕਦ ਕਿਹਾ
'ਸੌਖਾ ਏ ਪਿਆਰ ਕਰਨਾ' ।

ਤੇਰੀ ਬੇਰੁਖੀ ਦਾ ਜ਼ਿਕਰ
ਆਪਣੇ ਕਾਗਜ਼ਾਂ 'ਚ ਕਰਨਾ ।
ਤੈਨੂੰ ਲਿੱਖ ਕੇ ਚਿੱਠੀਆਂ,
ਫਿਰ ਭੇਜਣ ਤੋਂ ਡਰਨਾ ।

ਬਿਨਾਂ ਭੇਜੇ ਤੇਰੇ ਜਵਾਬ ਦੀ
ਫਿਰ ਵੀ ਉਡੀਕ ਕਰਨਾ ।
ਤੇ ਹਰ ਰੋਜ਼ ਪਿੰਡ ਦੇ
ਡਾਕੀਏ ਨਾਲ ਲੜਨਾ ।
ਤੇ ਦੱਸ ਮੈਂ ਕਦ ਕਿਹਾ
'ਸੌਖਾ ਏ ਉਡੀਕ ਕਰਨਾ' ।

ਚੁੰਮਣ

ਮੈਂ ਕਿਹਾ
ਮੈਨੂੰ ਤੇਰੇ ਨਾਲ ਮੁਹੱਬਤ ਹੈ
ਉਸਨੇ ਮੇਰੇ ਵੱਲ ਘੂਰੀ ਵੱਟ ਕੇ ਵੇਖਿਆ
ਮੈਂ ਫਿਰ ਕਿਹਾ
ਚੱਲ ਫਿਰ ਕੋਈ ਦੇ ਸਜ਼ਾ ਮੈਨੂੰ
ਮੇਰੇ ਗੁਸਤਾਖ ਬੋਲਾਂ ਦੀ
ਉਹ ਕੁਝ ਪਲ ਚੁੱਪ ਰਹੀ
ਫਿਰ ਪਤਾ ਨਹੀਂ ਕੀ ਸੋਚ ਕੇ
ਉਸਨੇ ਮੇਰਾ ਬੁੱਲਾਂ ਨੂੰ ਚੁੰਮ ਲਿਆ ।

ਮਸੀਹਾ

ਅੱਜ ਤੂੰ ਮੈਨੂੰ
ਮੇਰਾ ਮਸੀਹਾ ਜਾਪਦਾ ਏਂ
ਜਿਹੜਾ ਮੇਰੀ ਖ਼ਿੰਦਗੀ ਲਈ
ਚੜ੍ਹ ਗਿਆ ਏ ਸਲੀਬ ਉੱਤੇ
ਆਪਣੇ ਹੰਝੂ ਲੁਕਾ
ਮੈਨੂੰ ਕਹਿ ਰਿਹਾ ਏ ਹੱਸਣ ਲਈ
ਆਪ ਨਰਕ ਭੋਗ ਕੇ
ਮੈਨੂੰ ਦੱਸ ਰਿਹਾ ਏ ਰਾਹ
ਸਵਰਗ 'ਚ ਜਾਣ ਦਾ

ਮੈਂ ਪਾਤਰ

ਕਦੇ ਕਦੇ ਹੁੰਦਾ ਹਾਂ ਮੈਂ ਭਗਤ ਸਿੰਘ
ਤੇ ਕਦੇ ਕਦੇ ਮਹੀਂਵਾਲ
ਖ਼ਿਆਲਾਂ ਦੇ ਰੰਗ ਮੰਚ 'ਤੇ
ਰੋਜ਼ ਬਦਲਦਾ ਹੈ ਮੇਰਾ ਕਿਰਦਾਰ
ਕਦੇ ਕਦੇ ਹੁੰਦਾ ਹਾਂ ਮੈਂ
ਧਿਆਨ 'ਚ ਬੈਠਾ ਕੋਈ ਜੋਗੀ
ਤੇ ਕਦੇ ਕਦੇ ਆਮ ਆਦਮੀਂ
ਕਦੇ ਫ਼ਾਂਸੀ ਚੜ੍ਹਦਾ ਹਾਂ
ਕਦੇ ਚਨਾਬ 'ਚ ਡੁੱਬਦਾ ਹਾਂ
ਕਦੇ ਦਸਮ ਦਵਾਰ ਤੋਂ ਅੱਗੇ ਦੀ
ਕਿਸੇ ਸੁੰਨ ਸਮਾਧੀ ਅਵਸਥਾ 'ਚ
ਚਲਾ ਜਾਂਦਾ ਹਾਂ
ਤੇ ਕਦੇ ਭੁੱਖੇ ਪੇਟ ਸੜਕ ਪਾਰ ਕਰਦੇ ਕਰਦੇ
ਗਸ਼ ਖਾ ਕੇ ਡਿੱਗ ਪੈਂਦਾ ਹਾਂ
ਪਰ ਇਤਫ਼ਾਕ

ਖ਼ਿਆਲਾਂ ਦੇ ਨਾਟਕ ਵਿਚ
ਪਰਦਾ ਡਿੱਗਣ ਤੋਂ ਪਹਿਲਾਂ
ਮੈਂ ਪਾਤਰ ਮਰਦਾ ਜ਼ਰੂਰ ਹਾਂ ।

ਚੀਕ

ਮੇਰੀ ਤਨਹਾਈ ਦੇ ਖੰਡਰ ਵਿਚ
ਇਸਨੂੰ ਸੁਣਨ ਵਾਲਾ
ਹੋਰ ਕੋਈ ਵੀ ਨਹੀਂ
ਮੇਰੇ ਸਿਵਾ
ਇਸ ਲਈ
ਮੇਰੇ ਹੀ ਕੋਲ
ਆ ਜਾਂਦੀ ਏ ਵਾਪਿਸ
ਮੇਰੀ ਚੀਕ
ਹਰ ਪਾਸੇ ਗੂੰਜ ਕੇ

ਮਸ਼ਵਰਾ

ਕਿਨ੍ਹੇ ਹੀ ਪਤੰਗਾਂ ਦਾ
ਇਲਜ਼ਾਮ–ਏ–ਕਤਲ
ਤੇਰੇ ਸਿਰ ਆਵੇਗਾ
ਮਸ਼ਵਰਾ ਹੈ
ਆਪਣੇ ਘਰ ਦੇ
ਸਾਰੇ ਸ਼ਮਾਂਦਾਨ
ਬੁਝਾ ਕੇ ਰੱਖਿਆ ਕਰ

ਲੱਕੜ ਦਾ ਬੁੱਤ

ਸ਼ਾਮ ਤੱਕ
ਉਹ ਮੇਰੇ ਕਮਰੇ ਦੀ ਨੁੱਕਰ 'ਚ ਪਿਆ
ਸਿਰਫ ਇੱਕ ਲੱਕੜ ਦਾ ਬੁੱਤ ਸੀ
ਪਰ ਅੱਧੀ ਕੁ ਰਾਤ ਨੂੰ
ਉਹ ਸਵਰਗਾਂ ਦੀ
ਕਿਸੇ ਅਪਸਰਾ ਦੇ
ਜਿਸਮ ਵਰਗਾ ਬਣ ਗਿਆ
ਤੇ ਮੈਂ
ਉਸਦੇ ਅੰਗ ਅੰਗ 'ਚੋਂ ਭੱਖਦੇ ਕਾਮ ਨੂੰ
ਰਾਤ ਭਰ ਸੇਕਦਾ ਰਿਹਾ
ਜਦ ਸਵੇਰੇ ਉੱਠ ਕੇ ਵੇਖਿਆ
ਤਾਂ ਮੇਰੇ ਬਿਸਤਰ 'ਤੇ
ਕੋਲਿਆਂ ਦਾ ਢੇਰ ਸੀ
ਤੇ ਹੁਣ ਮੈਨੂੰ ਕਾਲੀ ਹੋ ਚੁੱਕੀ
ਹਰ ਸ਼ੈਅ ਤੋਂ ਘਿਣ ਆ ਰਹੀ ਸੀ

ਬਿਸਤਰ ਤੋਂ
ਆਪਣੇ ਜਿਸਮ ਤੋਂ
ਆਪਣੀ ਸੋਚ ਤੋਂ
ਆਪਣੀ ਰੂਹ ਤੋਂ

ਤੂੰ ਕੁਠ ਸਮਝੇਂਗੀ

ਤੂੰ ਸਮਝੇਂਗੀ ਕੁਠ ਇਸ ਲਈ,
ਮੈਂ ਕਹਿਣ ਤੋਂ ਡਰ ਜਾਂਦਾ ਹਾਂ ।
ਸੋਚ ਕੇ ਹੀ ਚੁੱਪ ਕਰ ਜਾਂਦਾ ਹਾਂ ।

ਪਰ ਦੱਸ ਮੈਂ ਤੈਨੂੰ ਕਿਵੇਂ,
ਦੱਸੇ ਬਿਨਾਂ ਰਹਿ ਸਕਦਾ ਹਾਂ ।
ਜਾਂ ਕੁਠ ਕਹਿ ਸਕਦਾ ਹਾਂ ।
ਮੈਂ ਤੇਰੇ ਕੋਲ ਜੀਅ ਉੱਠਦਾ ਹਾਂ,
ਤੇਰੇ ਬਾਝੋਂ ਉਂਝ ਮਰ ਜਾਂਦਾ ਹਾਂ ।
ਤੂੰ ਸਮਝੇਂਗੀ ਕੁਠ ਇਸ ਲਈ,
ਮੈਂ ਕਹਿਣ ਤੋਂ ਡਰ ਜਾਂਦਾ ਹਾਂ ।
ਸੋਚ ਕੇ ਹੀ ਚੁੱਪ ਕਰ ਜਾਂਦਾ ਹਾਂ ।

ਤੇਰੇ ਪੈਰਾਂ ਦਾ ਖੜਕਾ ਸੁਣ ਕੇ,
ਜਿਸਮ ਮੇਰੇ 'ਚ ਰੂਹ ਆ ਜਾਵੇ ।

ਸਵਰਗਾਂ ਦੀ ਜਿਵੇਂ ਜੂਹ ਆ ਜਾਵੇ ।
ਤੇਰਾ ਹੱਥ ਫੜ੍ਹ ਕੇ ਨਿੱਤ ਮੈਂ,
ਭਵਸਾਗਰ ਤਰ ਜਾਂਦਾ ਹਾਂ ।
ਤੂੰ ਸਮਝੇਂਗੀ ਝੂਠ ਇਸ ਲਈ,
ਮੈਂ ਕਹਿਣ ਤੋਂ ਡਰ ਜਾਂਦਾ ਹਾਂ ।
ਸੋਚ ਕੇ ਹੀ ਚੁੱਪ ਕਰ ਜਾਂਦਾ ਹਾਂ ।

ਤੂੰ ਜਦ ਮੈਨੂੰ ਛੱਡ ਕੇ ਜਾਵੇਂ,
ਮੈਂ ਜਾ ਕਬਰੀਂ ਸੌਂਦਾ ਹਾਂ ।
ਫਿਰ ਇਕ ਮੌਤ ਹੰਢਾਉਂਦਾ ਹਾਂ ।
ਸਾਹਾਂ ਦੀ ਅੱਗ ਬੁਝ ਜਾਂਦੀ ਏ,
ਮੈਂ ਬਰਫ਼ ਜਿਹਾ ਠਰ ਜਾਂਦਾ ਹਾਂ ।
ਤੂੰ ਸਮਝੇਂਗੀ ਝੂਠ ਇਸ ਲਈ,
ਮੈਂ ਕਹਿਣ ਤੋਂ ਡਰ ਜਾਂਦਾ ਹਾਂ ।
ਸੋਚ ਕੇ ਹੀ ਚੁੱਪ ਕਰ ਜਾਂਦਾ ਹਾਂ ।

ਨਜ਼ਮ

ਪਹਿਲਾਂ ਧੁੰਦਲੀ ਧੁੰਦਲੀ
ਫਿਰ ਫਿੱਕੀ ਫਿੱਕੀ
ਫਿਰ ਜਿਵੇਂ ਜਿਵੇਂ
ਤੇਰੀ ਤਸਵੀਰ
ਮੇਰੇ ਜ਼ਿਹਨ 'ਚ
ਗੂੜ੍ਹੀ ਹੁੰਦੀ ਗਈ
ਓਵੇਂ ਓਵੇਂ
ਮੈਂ ਤੇਰੇ ਜ਼ਿਹਨ 'ਚੋਂ
ਮਿਟਦਾ ਗਿਆ ।

ਆਖ਼ਰੀ ਖਵਾਹਿਸ਼

ਮੇਰੇ ਦੋਸਤੋ ! ਆ ਜਾਵੋ ।
ਆਖਰੀ ਰਸਮ ਨਿਭਾ ਜਾਵੋ ।
ਨਾ ਪਈ ਬੋਅ ਮਾਰਨ ਲੱਗ ਜਾਵੇ,
ਇਹ ਲਾਸ਼ ਹਟਾ ਜਾਵੋ ।
ਹੰਡੂਆਂ ਦੀ ਖਵਾਹਿਸ਼ ਨਹੀਂ,
ਬਸ ਥੋੜ੍ਹਾ ਮੁਸਕਾ ਜਾਵੋ ।
ਮੈਂ ਤੇ ਕਦੋਂ ਦਾ ਮੋਇਆ ਹਾਂ,
ਮੈਨੂੰ ਕਬਰੀਂ ਪਾ ਜਾਵੋ ।
ਕੁਝ ਕੁ ਮਾਤਮੀ ਫੁੱਲ ਸੁੱਟ ਕੇ,
ਮੇਰੀ ਕਬਰ ਸਜ਼ਾ ਜਾਵੋ ।
ਇੱਕ ਯਾਦਗਾਰੀ ਜਿਹਾ ਉੱਤੇ
ਨਾ 'ਮੀਤ' ਲਿਖਾ ਜਾਵੋ ।

ਆਸਮਾਨ

ਬਣ ਕੇ ਪਰਿੰਦਾ
ਮੈਂ ਕਰਦਾ ਰਿਹਾ ਕੋਸ਼ਿਸ਼
ਤੈਨੂੰ ਛੂਹਣ ਦੀ
ਪਰ
ਤੂੰ ਹੋਰ ਵੀ ਜਾਂਦਾ ਰਿਹਾ ਦੂਰ
ਮੈਥੋਂ
ਆਸਮਾਨ ਬਣਕੇ ।

ਉਹ ਕੌਣ ਸੀ

ਅੱਜ ਮੈਂ ਅਤੇ ਮੇਰੀ ਆਤਮਾ
ਬਹਿਸ ਰਹੇ ਸੀ ।
ਮੇਰੇ ਸਾਹ
ਉਸਦੇ ਸਵਾਲ ਸਨ ।
ਮੈਂ ਅਟਪਟੇ ਜਵਾਬ ਦੇ ਰਿਹਾ ਸੀ,
ਬੇਲੋੜਾ ਬੋਲ ਰਿਹਾ ਸੀ,
ਸ਼ਾਇਦ ਆਤਮਾ ਨੂੰ ਡਰਾ ਰਿਹਾ ਸੀ ।
ਅਚਾਨਕ ਉਸਨੇ ਇੱਕ ਸਵਾਲ ਕੀਤਾ,
ਮੈਂ ਚੁੱਪ ਹੋ ਗਿਆ,
ਨਹੀਂ, ਮੈਂ ਗੂੰਗਾ ਹੋ ਗਿਆ ।
ਉਸ ਨੇ ਪੁਛਿਆ,
ਹਰ ਵਾਰ ਕਿਉਂ ਜ਼ਿੰਦਗੀ
ਤੇਰੇ ਹਿੱਸੇ ਆਉਂਦੀ ਰਹੀ
ਉਹ ਕੌਣ ਸੀ,
ਹਰ ਵਾਰ ਜੋ ਤੇਰੇ ਹਿੱਸੇ ਮਰਦਾ ਸੀ ?

ਖ਼ਿਆਲਾਂ ਦਾ ਪਾਣੀ

ਮੇਰੇ ਖ਼ਿਆਲਾਂ ਦੇ
ਠਹਿਰੇ ਹੋਏ ਪਾਣੀ ਵਿਚ
ਹਰ ਵਾਰ ਤੇਰੀ ਹੀ ਤਸਵੀਰ
ਬਣ ਜਾਂਦੀ ਰਹੀ
ਤੇ ਬੇਧਿਆਨੇ ਹੀ ਮੇਰੇ ਹੱਥ
ਤੈਨੂੰ ਛੂਹਣ ਦੀ ਆਸ ਵਿਚ
ਪਾਣੀ ਨਾਲ ਜਾ ਟਕਰਾਉਂਦੇ

ਪਰ
ਤੂੰ ਕਿਥੇ ਫੜ੍ਹੀ ਜਾ ਸਕਣਾ ਸੀ
ਪਾਣੀ ਦੇ ਹਿੱਲਣ ਸਾਰ ਹੀ
ਤੇਰੀ ਤਸਵੀਰ ਵੀ ਮਿੱਟ ਜਾਂਦੀ
ਇੱਕ ਵਾਰ ਫਿਰ
ਮੇਰੀ ਆਸ ਟੁੱਟਦੀ

ਪਰ, ਮੈਂ ਫਿਰ ਤੋਂ
ਇੰਤਜ਼ਾਰ ਕਰਨ ਲੱਗ ਪੈਂਦਾ
ਖ਼ਿਆਲਾਂ ਦੇ ਪਾਣੀ ਦੇ
ਮੁੱੜ ਠਹਿਰ ਜਾਣ ਦਾ ।

ਰੂਹ ਦੇ ਜ਼ਖ਼ਮ

ਤੇਰੇ ਬੋਲਾਂ ਦੀ ਤਿਖੀ ਕਟਾਰ ਨੇ
ਮੇਰੀ ਰੂਹ ਨੂੰ
ਥਾਂ ਥਾਂ ਤੋਂ ਜੋ ਕੀਤਾ ਸੀ ਜ਼ਖਮੀ
ਓਹ ਜ਼ਖਮ ਅਜੇ ਵੀ ਅੱਲੇ ਨੇ
ਜੇ ਸ਼ਰੀਰ ਦੇ ਹੁੰਦੇ
ਇਹ ਜ਼ਖਮ,
ਇਹ ਦਰਦ ਤਾਂ
ਮੇਰੀ ਚਿਤਾ 'ਚ ਮੇਰੇ ਸਰੀਰ ਨਾਲ
ਇਹ ਜ਼ਖ਼ਮ
ਇਹ ਦਰਦ ਵੀ
ਸੜ੍ਹ ਜਾਂਦੇ,
ਮੁੱਕ ਜਾਂਦੇ
ਪਰ ਇਹ ਦਰਦ,
ਇਹ ਜ਼ਖ਼ਮ
ਤਾਂ ਰੂਹ ਦੇ ਨੇ

ਤੇ
ਮੈਂ ਸੁਣਿਆ ਏ
ਰੂਹ ਕਦੇ ਮਰਦੀ ਨਹੀਂ
ਕਦੇ ਮਿੱਟਦੀ ਨਹੀਂ
ਕਦੇ ਮੁੱਕਦੀ ਨਹੀਂ
ਤਾਂ ਫਿਰ ਹੁਣ
ਇਨ੍ਹਾਂ ਜ਼ਖ਼ਮਾਂ ਦਾ ਕੀ ਹੋਵੇਗਾ ?
ਇਨ੍ਹਾਂ ਦਰਦਾਂ ਦਾ ਕੀ ਹੋਵੇਗਾ ?

ਫਿਰ ਤੋਂ

ਕਿ ਲਿਖ ਦਿਆਂ ਜ਼ਿੰਦਗੀ ਦੇ ਸੁੰਨੇ
ਵਰਕਿਆਂ 'ਤੇ ਕੁਝ ਨਾ ਕੁਝ
ਇਸ ਲਈ ਚੁੱਕੀ ਏ ਕਲਮ,
ਮੈਂ ਅੱਜ, ਇੰਨੇ ਚਿਰਾਂ ਬਾਅਦ ਫਿਰ ਤੋਂ

ਕੀ ਹੋਇਆ ਜੇ ਅੱਜ ਸਾਰੇ
ਛੱਡ ਗਏ ਨੇ ਸਾਥ ਮੇਰਾ
ਆਸ ਹੈ ਕਿ ਇੱਕ ਦਿਨ ਉਹ
ਮੈਨੂੰ ਕਰਨਗੇ ਯਾਦ ਫਿਰ ਤੋਂ
ਇਸ ਲਈ ਚੁੱਕੀ ਏ ਕਲਮ,
ਮੈਂ ਅੱਜ, ਇੰਨੇ ਚਿਰਾਂ ਬਾਅਦ ਫਿਰ ਤੋਂ

ਦੇਵਾਂ ਹੰਝ ਦੀ ਗੁੜ੍ਹਤੀ
ਬੜੇ ਚਿਰਾਂ ਪਿਛੋਂ ਅੱਜ
ਬਿਰਹਾ ਦੇ ਘਰ, ਗ਼ਮ ਦੀ ਕੁੱਖੋਂ

ਜੰਮੀਂ ਏ ਔਲਾਦ ਫਿਰ ਤੋਂ
ਇਸ ਲਈ ਚੁੱਕੀ ਏ ਕਲਮ,
ਮੈਂ ਅੱਜ, ਇੰਨੇ ਚਿਰਾਂ ਬਾਅਦ ਫਿਰ ਤੋਂ

ਝਿਉਂਦਾ ਰਹੇ, ਦਰਦ ਨਾਲ
ਮੇਰਾ ਨਾਤਾ ਜਿਨ੍ਹੇ ਜੋੜਿਆ
ਮੇਰੇ ਉਸ ਯਾਰ ਦਾ ਮੈਂ
ਕਰਨ ਲਈ ਧੰਨਵਾਦ ਫਿਰ ਤੋਂ..
ਇਸ ਲਈ ਚੁੱਕੀ ਏ ਕਲਮ,
ਮੈਂ ਅੱਜ, ਇੰਨੇ ਚਿਰਾਂ ਬਾਅਦ ਫਿਰ ਤੋਂ

ਮੇਰੇ ਗ਼ਮ ਨੇ ਪਿਆਰੇ ਮੈਨੂੰ
ਪੀੜਾਂ ਨਾਲ ਪ੍ਰੀਤ ਮੇਰੀ
ਚਾਹੁੰਦਾ ਹਾਂ ਕਿ 'ਮੀਤ' ਮੈਨੂੰ
ਕੋਈ ਕਰੇ ਬਰਬਾਦ ਫਿਰ ਤੋਂ
ਇਸ ਲਈ ਚੁੱਕੀ ਏ ਕਲਮ,
ਮੈਂ ਅੱਜ, ਇੰਨੇ ਚਿਰਾਂ ਬਾਅਦ ਫਿਰ ਤੋਂ

ਅਛੂਤ ਰੱਬ

ਕੱਲ੍ਹ ਮੈਨੂੰ
ਰੱਬ ਆਖ ਕੇ ਆਪਣਾ
ਜਿਸ ਨੇ ਮੇਰੀ ਮੂਰਤ
ਰੱਖੀ ਸੀ
ਆਪਣੇ ਦਿਲ ਦੇ ਮੰਦਿਰ 'ਚ
ਅੱਜ ਮੇਰੇ 'ਚ
ਛੋਟੀ ਜਿਹੀ ਦਿੱਖੀ
ਇੱਕ ਕਮੀਂ ਤਾਂ
ਅਛੂਤਾਂ ਵਾਂਗ
ਦਰਕਿਨਾਰ ਕਰ ਗਏ ।

ਤੁਰਦਿਆਂ – ਤੁਰਦਿਆਂ

ਰੁੱਕਦਾ ਹਾਂ ਮੈਂ ਤਾਂ
ਯਾਦ ਆਉਂਦੇ ਨੇ
ਵਿੱਛੜਣ ਵਾਲੇ
ਪਰ ਹੁਣ
ਉਨ੍ਹਾਂ ਦਾ ਇੰਤਜ਼ਾਰ
ਨਹੀਂ ਏ ਮੈਨੂੰ
ਰੁੱਕ ਵੀ ਨਹੀਂ ਸਕਦਾ
ਤੇ ਤੁਰਨ ਤੋਂ ਵੀ ਡਰ ਲੱਗਦਾ ਏ
ਕਿਉਂਕਿ ਮੈਂ ਨਹੀਂ ਚਾਹੁੰਦਾ
ਤੁਰਦਿਆਂ – ਤੁਰਦਿਆਂ
ਫਿਰ ਕਿਸੇ ਨਾਲ ਮੁਲਾਕਾਤ ਹੋਵੇ ।

ਕਾਗਜ਼

ਜੇ ਤੂੰ ਨਾ ਕੀਤਾ ਹੁੰਦਾ ਜ਼ਿਕਰ
ਆਪਣੇ ਗਮਾਂ ਦਾ, ਮੇਰੇ ਨਾਲ
ਆਪਣੀ ਗੱਲਬਾਤ 'ਚ
ਤਾਂ ਸ਼ਾਇਦ
ਇਹ ਕਾਗਜ਼ ਕੋਰੇ ਹੀ ਰਹਿ ਜਾਂਦੇ ।

ਘੁੱਲ ਕੇ ਤੇਰੇ ਹੰਝੂਆਂ 'ਚ
ਜੇ ਤੇਰੀਆਂ ਅੱਖਾਂ ਦਾ ਕੱਜਲ
ਨਾ ਡਿੱਗਦਾ ਮੇਰੀ ਦਵਾਤ 'ਚ
ਤਾਂ ਸ਼ਾਇਦ
ਇਹ ਕਾਗਜ਼ ਕੋਰੇ ਹੀ ਰਹਿ ਜਾਂਦੇ ।

ਤੇਰੇ ਵਿਛੋੜੇ ਦੀ ਪੀੜ ਨਾਲ
ਮੈਂ ਕੀਤਾ ਏ ਕਾਗਜ਼ਾਂ ਦਾ ਸ਼ਿੰਗਾਰ
ਜੇ ਹੁੰਦੇ ਵਿਧਵਾ ਦੀ ਜਾਤ 'ਚ

ਤਾਂ ਸ਼ਾਇਦ
ਇਹ ਕਾਗਜ਼ ਕੋਰੇ ਹੀ ਰਹਿ ਜਾਂਦੇ ।

ਪਹਿਲਾਂ ਪਹਿਲਾਂ ਹੀ ਸ਼ਬਦਾਂ ਨਾਲ
ਮੈਂ ਭਰ ਦਿੱਤੀ ਕਾਗਜ਼ਾਂ ਦੀ ਹਿੱਕ
ਭਿੱਜ ਜਾਂਦੇ ਹੰਡੂਆਂ ਦੀ ਬਰਸਾਤ 'ਚ
ਤਾਂ ਸ਼ਾਇਦ ..
ਇਹ ਕਾਗਜ਼ ਕੋਰੇ ਹੀ ਰਹਿ ਜਾਂਦੇ ।

'ਮੀਤ' ਤੇਰੀਆਂ ਦੁਆਵਾਂ ਸਦਕੇ
ਜੇ ਨਾ ਮਿਲੀ ਹੁੰਦੀ ਮੈਨੂੰ ਕਲਮ
ਦਰਦੇ ਇਸ਼ਕ ਕੋਲੋਂ ਖ਼ੈਰਾਤ 'ਚ
ਤਾਂ ਸ਼ਾਇਦ
ਇਹ ਕਾਗਜ਼ ਕੋਰੇ ਹੀ ਰਹਿ ਜਾਂਦੇ ।

ਮੈਲ, ਹੁਸਨ ਤੇ ਸਰੋਵਰ

ਜ਼ੁਲਮ ਦੀ ਮੈਲ ਥੱਲੇ
ਦੱਬਿਆ ਹੋਇਆ ਹੁਸਨ
ਉੱਭਰ ਕੇ ਬਾਹਰ ਆਉਣ ਲਈ
ਪਿਆਰ ਦੇ ਸਰੋਵਰ 'ਚ
ਲਾ ਰਿਹਾ ਸੀ ਤਾਰੀਆਂ
ਪਰ ਇਹ ਕੀ ਹੋਇਆ ?
ਵੇਖਦਿਆਂ ਹੀ ਵੇਖਦਿਆਂ
ਸਰੋਵਰ, ਸਰੋਵਰ ਨਾ ਰਿਹਾ
ਹੋ ਗਿਆ ਦਲਦਲ
ਪਰ ਕਿਉਂ
ਕੀ ਪਾਣੀ ਘੱਟ ਤੇ ਮੈਲ ਬੇਹਿਸਾਬ ਸੀ
ਹਾਂ ਸੱਚ ਇਹੀ ਸੀ
ਤੇ ਹੁਣ ਹੁਸਨ ਵਿਚਾਰਾ
ਕੁਰਲਾ ਰਿਹਾ ਸੀ
ਦਲਦਲ 'ਚ ਧੱਸਦਾ ਜਾ ਰਿਹਾ ਸੀ

ਤੇ ਕਰ ਰਿਹਾ ਸੀ ਕੋਸ਼ਿਸ਼
ਨਿੱਕਲ ਕੇ ਬਾਹਰ ਆਉਣ ਲਈ
ਪਰ .....

ਆਖ਼ਰੀ ਫ਼ਰਿਆਦ

ਕੋਈ ਦੇ ਦੇ ਝੂਠੀ ਤਸੱਲੀ ਜਿਹੀ,
ਲੈ ਅੱਜ ਦਾ ਦਿਨ ਹੋਰ ਬਚਾ ਮੈਨੂੰ ।
ਮੁੱਕਦੀ ਉਮਰੇ ਪਿਆਰ ਕਰਨ ਦਾ,
ਸੱਚੀ ਚਤ੍ਰਿਆ ਏ ਬੜਾ ਚਾਅ ਮੈਨੂੰ।

ਮੈਂ ਪੀਲਾ ਹੋ ਚੁੱਕਿਆ ਪੱਤਾ ਹਾਂ,
ਹੁਣ ਰੁੱਖ ਨੂੰ ਮੇਰੀ ਲੋੜ ਨਹੀਂ ।
ਇੱਕ ਵਾਰੀ ਜੇ ਟੁੱਟ ਗਿਆ ਮੈਂ,
ਮੁੜ ਸਕਦਾ ਕੋਈ ਜੋੜ ਨਹੀਂ ।

ਬੱਸ ਆਖ਼ਰੀ ਵਾਰੀ ਚਾਹੁੰਦਾ ਹਾਂ,
ਤੈਨੂੰ ਗਲਵੱਕੜੀ ਭਰਕੇ ਰੋਣਾ ਮੈਂ ।
ਸ਼ਾਇਦ ਤੇਰੀਆਂ ਬਾਹਾਂ ਦੇ ਵਿਚ,
ਕਦੇ ਨਹੀਂ ਫਿਰ ਆਉਣਾ ਮੈਂ ।

ਵੇਖੀਂ ਕਿਤੇ ਭੁੱਲ ਨਾ ਜਾਵੀਂ ਤੂੰ,
ਕਰ ਲਿਆ ਕਰੀਂ ਯਾਦ ਕਦੇ ।
ਮੀਤ, ਭਾਵੇਂ ਨਿੱਤ ਨਾ ਹੀ ਸਹੀਂ,
ਹਫਤਿਆਂ ਮਹੀਨਿਆਂ ਬਾਅਦ ਕਦੇ ।

ਭਖਦੀ ਦੁਪਹਿਰ

ਸਾਡੀ ਕਿਸਮਤ ਦੇ ਵਿਚ ਲਿਖਿਆ ਸੀ,
ਅਸੀਂ ਖੁਸ਼ੀਆਂ ਬਗੈਰ ਹੀ ਰਹਿਣਾ ਸੀ ।
ਲੱਖ ਆਪਣਾਪਨ ਜਤਾ ਲੈਂਦੇ ਤਾਂ ਵੀ
ਅਸੀਂ ਗ਼ੈਰਾਂ ਨੇ ਗ਼ੈਰ ਹੀ ਰਹਿਣਾ ਸੀ ।

ਤੇਰੇ ਸਗੇ ਹੀ ਤੇਰੇ ਅਜ਼ੀਜ਼ ਬਣੇ,
ਅਸੀਂ ਤਾਂ ਐਵੇਂ ਹੱਕ ਜਤਾਉਂਦੇ ਰਹੇ ।
ਤਾਜ ਦਾ ਹੱਕ ਤਾਂ ਮੱਥੇ ਨੂੰ ਹੈ,
ਅਸੀਂ ਪੈਰਾਂ ਨੇ ਪੈਰ ਹੀ ਰਹਿਣਾ ਸੀ ।

ਸਾਰੇ ਅਮ੍ਰਿੰਤ ਹੀ ਪੀਣਾ ਚਾਹੁੰਦੇ ਨੇ,
ਤੇਰੀ ਵੀ ਇਹੋ ਫਿਤਰਤ ਸੀ ।
ਲੱਖ ਪੀਂਦਾ ਮੈਨੂੰ ਕੋਈ ਸ਼ਿਵ ਵਰਗਾ,
ਅਸੀਂ ਫਿਰ ਵੀ ਜ਼ਹਿਰ ਹੀ ਰਹਿਣਾ ਸੀ ।

ਲੱਖ ਕਰ ਤਕਦੀਰ ਦੀ ਸਿਫ਼ਤ ਅਸੀਂ
ਲੱਖ ਪੂਜਾ ਪਾਠ ਕਰ ਲੈਂਦੇ
ਫਿਰ ਵੀ ਅਸਲੀਅਤ ਇਹੀ ਸੀ
ਸਾਡਾ ਕਿਸਮਤ ਸੰਗ ਵੈਰ ਹੀ ਰਹਿਣਾ ਸੀ ।

ਮੀਤ, ਅਸੀਂ ਸੇਜ ਸਜਾਈ ਬੈਠੇ ਰਹੇ,
ਕਦੇ ਰਾਤ ਇਸ਼ਕ ਦੀ ਆਈ ਨਾ
ਤੇਰੇ ਇਸ਼ਕ ਨੇ ਸਾਡੀ ਜ਼ਿੰਦਗੀ ਵਿਚ
ਸਦਾ ਭਖਦੀ ਦੁਪਹਿਰ ਹੀ ਰਹਿਣਾ ਸੀ ।

ਔਰਤ

ਜਿਹੜੀ
ਸਹਿ ਲੈਂਦੀ ਏ ਜ਼ੁਲਮ
ਹੱਸ ਕੇ
ਹਰ ਵਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਵਿਦਿਆ ਦੀ ਦੌੜ ਵਿਚ
ਆਪਣੇ ਹੀ ਭਰਾ ਕੋਲੋਂ
ਜਾਂਦੀ ਏ ਹਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਹੀਰ ਵਾਂਗ ਮਾਪਿਆਂ ਲਈ
ਛੱਡ ਦਿੰਦੀ ਏ
ਰਾਂਝਾ ਯਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਜਿਸਮਫਰੋਸ਼ੀ ਦੇ ਬਾਜ਼ਾਰ 'ਚ
ਸਿਖ ਜਾਂਦੀ ਏ ਹੋਣਾ
ਨੀਲਾਮ ਬਾਰ ਬਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਆਪਣੇ ਹੀ ਤਨ ਦੇ ਹਿੱਸੇ ਨੂੰ
ਆਪਣੇ ਹੱਥੀਂ

ਦਿੰਦੀ ਏ ਮਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਕਮਜ਼ੋਰ ਸਰੀਰ ਕਾਰਣ
ਜ਼ੋਰ ਵਾਲੇ ਦੀ ਹਵਸ ਦਾ
ਹੋ ਜਾਂਦੀ ਏ ਸ਼ਿਕਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਮਰਿਯਾਦਾ ਖਾਤਿਰ ਹੀ ਬਸ
ਜੁੱਤੀ ਬਣਕੇ ਲੈਂਦੀ ਏ
ਸਾਰੀ ਉਮਰ ਗੁਜ਼ਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਜਿਹੜੀ
ਜਵਾਨੀ ਵਾਰ ਔਲਾਦ ਜਵਾਨ ਕਰਦੀ
ਤੇ ਬੁਢਾਪੇ 'ਚ ਉਸੇ ਹੱਥੋਂ
ਪਾਵੇ ਤ੍ਰਿਸਕਾਰ
ਓਹ ਔਰਤ
ਹੋਵੇਗੀ ਕਿੰਨੀ ਮਜ਼ਬੂਰ
ਕਿੰਨੀ ਲਾਚਾਰ ।

ਮੈਂ, ਮੀਤ ਤੇ ਰੱਬ

ਮੀਤ ਨੂੰ ਮੈਂ ਅੱਜ ਹੱਥੀਂ
ਕਾਗਜ਼ 'ਤੇ ਉਲੀਕਿਆ ਏ ।
ਸਦੀਆਂ ਤੋਂ ਇਸ ਪਲ ਨੂੰ ਮੈਂ,
ਬੇਸਬਰੀ ਨਾਲ ਉਡੀਕਿਆ ਏ ।

ਫ਼ਰਕ ਬਸ ਇਨ੍ਹਾਂ ਕੁ ਏ
ਮੇਰੇ ਤੇ ਮੀਤ ਵਿਚ ।
ਜਿੰਨਾਂ ਕੁ ਹੈ ਫ਼ਰਕ
ਨਿੱਘ ਤੇ ਸ਼ੀਤ ਵਿਚ ।
ਇਸ ਫ਼ਰਕ ਨੂੰ ਮਿਟਾਉਣ ਖਾਤਿਰ
ਮੈਂ ਕਈ ਸੂਰਜਾਂ ਨੂੰ ਸੇਕਿਆ ਏ ।
ਇਸ ਫ਼ਰਕ ਨੂੰ ਮੈਂ ਅੱਜ
ਕਾਗਜ਼ 'ਤੇ ਉਲੀਕਿਆ ਏ ।

ਮੇਰੇ ਅੱਜ ਨੂੰ ਮੇਰਾ ਅੱਜ ਹੋਣ ਲਈ

ਸ਼ਾਇਦ ਇੱਕ ਵੀ ਕੱਲ੍ਹ ਨਹੀਂ ਲੱਗਿਆ ।
ਮੇਰੇ ਮੀਤ ਨੂੰ ਮੇਰਾ ਰੱਬ ਹੋਣ ਲਈ
ਸ਼ਾਇਦ ਇੱਕ ਵੀ ਪਲ ਨਹੀਂ ਲੱਗਿਆ ।
ਪਰ ਮੀਤ ਤੱਕ ਪਹੁੰਚਣ ਤੋਂ ਪਹਿਲਾਂ
ਮੈਨੂੰ ਕਈ ਸਦੀਆਂ ਨੇ ਰੋਕਿਆ ਸੀ ।
ਸਫ਼ਰ ਨੂੰ ਆਪਣੇ ਮੈਂ ਅੱਜ
ਕਾਗਜ਼ 'ਤੇ ਉਲੀਕਿਆ ਏ ।

ਇੱਕ ਪਲ ਪਹਿਲਾਂ ਇੰਝ ਲੱਗਿਆ
ਕਿ ਮੈਂ ਆਪਣਾ ਰੱਬ ਗਵਾ ਲਿਆ ਏ ।
ਦੂਜੇ ਹੀ ਪਲ ਇੰਝ ਲੱਗਿਆ
ਕਿ ਮੈਂ ਉਸਨੂੰ ਫਿਰ ਤੋਂ ਪਾ ਲਿਆ ਏ ।
ਚੰਦ ਪਲਾਂ ਦੀ ਖੇਡ ਦੇ ਵਿਚ ਮੈਂ
ਇੱਕ ਯੁੱਗ ਬੀਤਦਾ ਵੇਖਿਆ ਏ ।
ਰੱਬ ਨੂੰ ਆਪਣੇ ਮੈਂ ਅੱਜ
ਕਾਗਜ਼ 'ਤੇ ਉਲੀਕਿਆ ਏ ।

ਬੇਈਮਾਨੀ

ਇਹ ਇਨਸਾਨ
ਕਿਸੇ ਰੱਬ ਦੇ ਬਣਾਏ
ਨਹੀਂ ਹੋ ਸਕਦੇ
ਮੈਨੂੰ ਤਾਂ,
ਇਸ ਵਿਚ ਕਿਸੇ
ਠੇਕੇਦਾਰ ਦੀ
ਬੇਈਮਾਨੀ ਜਾਪਦੀ ਹੈ ।

ਰੇਖਾ

ਸ਼ਾਇਦ
ਨਹੀਂ ਨਹੀਂ
ਸੱਚੀਂ
ਤੂੰ ਸੀਤਾ ਹੀ ਹੈਂ
ਤੇ ਮੈਂ
ਸ਼ਾਇਦ
ਨਹੀਂ ਨਹੀਂ
ਸੱਚੀਂ
ਰਾਵਣ ਹੀ ਹਾਂ
ਸਾਡੀ ਕਹਾਣੀ
ਕੋਈ ਤ੍ਰੇਤਾ ਯੁੱਗ ਦੀ
ਰਮਾਇਣ ਨਹੀ
ਪਰ ਸਾਡੇ ਵਿਚਕਾਰ ਵੀ
ਇੱਕ ਰੇਖਾ ਸੀ
ਉਮਰ ਦੀ,

ਜ਼ਾਤ ਦੀ
ਘਰ ਦੀ,
ਸਮਾਜ ਦੀ
ਜਾਂ ਫਿਰ ਡਰ ਦੀ
ਜੋ ਮੈਂ ਕਦੇ
ਪਾਰ ਨਹੀਂ ਕਰ ਸਕਿਆ
ਤੇ ਓਹ
ਤੈਨੂੰ
ਵਿਆਹ ਕੇ ਲੈ ਗਿਆ
ਉਹ ਸੱਚੀਂ
ਨਹੀ ਨਹੀਂ
ਸ਼ਾਇਦ ਗ਼ਮ ਹੀ ਸੀ ।

ਅਣਹੋਣੀ ਦੀ ਨਿਸ਼ਾਨੀ

ਇੱਕ ਲਿਖੀ ਨਜ਼ਮ ਮੈਂ
ਤੇਰੀ ਮੇਰੀ ਮੁਹੱਬਤ ਦੀ
ਵਿਚ ਤੇਰਾ ਨਾਮ ਵੀ ਲਿਖਿਆ
ਫਿਰ ਨਾ ਚਾਹੁੰਦਿਆਂ ਵੀ
ਕਾਗਜ਼ ਮੈਨੂੰ ਪਾੜਨਾ ਪਿਆ
ਕਿਉਂਕਿ ਮੇਰੀ ਨਜ਼ਮ 'ਚ
ਬੇਧੜਕ ਤੇਰੇ ਨਾਮ ਦਾ ਆ ਜਾਣਾ
ਮੈਨੂੰ ਫਿਰ ਕਿਸੇ
ਅਣਹੋਣੀ ਦੀ ਨਿਸ਼ਾਨੀ ਜਾਪਿਆ ।

ਹੋਂਦ ਦੀ ਖੁਸ਼ਬੂ

ਮੁਹੱਬਤ ਦੀ ਰੁੱਤ
ਹੈ ਜੋਬਨ 'ਤੇ
ਆ ਦਿਲਬਰ ਤੇਰੇ ਸੀਨੇ 'ਚ
ਬੀਜ ਦਿਆਂ
ਆਪਣੇ ਨਾਮ ਦੇ ਫੁੱਲ ਬੂਟੇ
ਕਿ ਜਦ ਵੀ ਸੁੰਘਾਂ
ਤੇਰੇ ਸਾਹਾਂ 'ਚੋਂ
ਖੁਸ਼ਬੂ
ਮੇਰੀ ਹੋਂਦ ਦੀ ਆਵੇ ।

ਕਾਸ਼

ਜਿਸ ਦਿਨ
ਤੂੰ ਆਖਿਆ ਸੀ
ਮੀਤ, ਅੱਜ ਤੋਂ ਬਾਅਦ
ਆਪਾਂ ਕਦੇ ਨਹੀਂ ਮਿਲਣਾ
ਕਾਸ਼ ! ਉਹ ਦਿਨ
ਤੇਰੀ ਮੇਰੀ
ਉਮਰ ਜਿੱਡਾ ਹੋ ਜਾਂਦਾ ।

ਕਿਉਂ

ਮੇਰੀ ਮਹਿਬੂਬ
ਤੇਰੇ ਨਾਮ ਦਾ ਅਰਥ
ਤਾਂ ਬਹੁਤ ਸਕੂਨ ਦੇਣ ਵਾਲਾ ਹੈ
ਫਿਰ ਤੂੰ ਕਿਉਂ
ਮੇਰੀ ਜ਼ਿੰਦਗੀ 'ਚ
ਉਮਰਾਂ ਲੰਬੀ
ਬੇਚੈਨੀ ਛੱਡ ਗਈ ?

ਮੁਸਕਾਨ ਕੌਰ

ਸੁਣ ਮੁਸਕਾਨ ਕੌਰੇ
ਥੋੜ੍ਹਾ ਰੋ ਲਵੀਂ ਚਾਹੇ
ਮੈਨੂੰ ਵੀ ਰੁਲਾ ਦੇਵੀਂ ।

ਕਹਿ ਕੇ ਕੁਫ਼ਰਨਾਮੇਂ
ਮੇਰੇ ਖ਼ਤ ਪਾੜ ਦੇਵੀਂ
ਤੂੰ ਚਾਹੇ ਜਲਾ ਦੇਵੀਂ ।

ਮੈਨੂੰ ਕਮਜ਼ਿਦਲ ਸਮਝ
ਮੈਨੂੰ ਬੇਵਫ਼ਾ ਸਮਝ
ਦਿਲ 'ਚੋਂ ਭੁੱਲਾ ਦੇਵੀਂ ।

ਮੈਥੋਂ ਤੱਕ ਨਹੀਂ ਹੋਣਾ
ਮੇਰੀਆਂ ਅੱਖਾਂ ਨਾਲ
ਅੱਖਾਂ ਨਾ ਮਿਲਾ ਦੇਵੀਂ ।

ਮੈਂ ਮਨ ਦਾ ਕਾਲਾ
ਤੂੰ ਸੁੱਚੀ ਚਿੱਟੀ ਰੂਹ
ਐਵੇਂ ਨਾ ਰਲਾ ਦੇਵੀਂ ।

ਤੂੰ ਕਹਿ ਅਲਵਿਦਾ
ਮੇਰੇ ਤੰਗ ਆਲ੍ਹਣੇ ਨੂੰ
ਹੁਣ ਖੰਭ ਫੈਲਾ ਦੇਵੀਂ ।

ਉਮਰਾਂ ਦਾ ਬਨਵਾਸ

ਕੁਝ ਭੁੱਲਿਆ ਚੇਤੇ ਆ ਗਿਆ,
ਕੁਝ ਚੇਤੇ ਆਇਆ ਭੁੱਲ ਗਿਆ ।
ਰੋਕ ਲਈਆਂ ਮੈਂ ਸਿਸਕੀਆਂ ਪਰ
ਹੰਝੂਆਂ ਦਾ ਕੜ੍ਹ ਡੁਲ ਗਿਆ ।

ਜ਼ਖ਼ਮ ਤਾਂ ਨਹੀਂ ਸੀ ਬਹੁਤਾ ਡੂੰਘਾ,
ਪਰ ਫਿਰ ਵੀ ਪੀੜ੍ਹ ਬਥੇਰੀ ਸੀ ।
ਖੁਸ਼ੀਆਂ ਉੱਡ ਗਈਆਂ ਦੂਰ ਕਿਤੇ
ਇੱਕ ਆਈ ਤੇਜ਼ ਹਨੇਰੀ ਸੀ ।

ਕਿਸੇ ਰੁੱਗ ਭਰਕੇ ਖਿੱਚ ਲਈ ਰੂਹ ਮੇਰੀ,
ਪਰ ਜਿਸਮ ਅਜੇ ਵੀ ਮੌਣਿਆ ਨਹੀਂ ।
ਵੱਢੇ ਕੁੱਤਰੇ ਕੁਝ ਕੁ ਸੁਫ਼ਨੇ ਬਾਕੀ ਨੇ
ਮੈਂ ਅਜੇ ਬਿਲਕੁਲ 'ਕੱਲਾ ਹੋਇਆ ਨਹੀਂ ।

ਨਾ ਜੀਂਦਾ ਹਾਂ ਨਾ ਹੀ ਮੌਂਦਿਆ ਹਾਂ
ਬਸ ਰੁਕਿਆ ਹਾਂ ਵਿਚਕਾਰ ਕਿਤੇ ।
ਆ ਲੈ ਜਾ ਵੇ ਮੇਰੀ ਬਾਂਹ ਫੜ੍ਹ ਕੇ
ਇੱਥੋਂ ਦੂਰ, ਆਰ ਜਾਂ ਪਾਰ ਕਿਤੇ ।

ਤੂੰ ਪਹੁ-ਫੁਟਾਲਾ ਬਣਕੇ ਆਵੇਂ ਜੇ
ਮੇਰੇ ਗਮਾਂ ਦੀ ਰਾਤ ਢੱਲ ਜਾਵੇ ।
ਕੱਟ ਲਵਾਂ ਬਨਵਾਸ ਮੈਂ ਉਮਰਾਂ ਦਾ
ਮੀਤ, ਜੇ ਤੇਰਾ ਸਹਾਰਾ ਫਲ ਜਾਵੇ ।

ਤੇਰੀ ਬਿਰਹੋਂ

ਤੇਰੀ ਬਿਰਹੋਂ ਸਗੀ ਮਾਂ ਵਾਂਗਰ,
ਮੇਰੇ ਗੀਤ ਨੂੰ ਕੁੱਖੋਂ ਜਾਇਆ ਤੂੰ ।
ਸੱਦ ਕੇ ਪੰਡਤ ਹਿਜ਼ਰ ਪੁਰੇ ਦਾ,
ਚੁਣ ਕੇ ਨਾਮ ਰਖਾਇਆ ਤੂੰ ।

ਤੇਰੀ ਬਿਰਹੋਂ ਸਗੀ ਮਾਂ ਵਾਂਗਰ,
ਮੇਰੇ ਗੀਤ ਨੂੰ ਸੀਨੇ ਲਾਇਆ ਤੂੰ ।
ਦਰਦਾਂ ਵਾਲਾ ਮਿੱਠਾ – ਮਿੱਠਾ,
ਆਪਣਾ ਦੁੱਧ ਚੁੰਘਾਇਆ ਤੂੰ ।

ਤੇਰੀ ਬਿਰਹੋਂ ਸਗੀ ਮਾਂ ਵਾਂਗਰ,
ਮੇਰੇ ਗੀਤ ਨੂੰ ਲਾਡ ਲਡਾਇਆ ਤੂੰ ।
ਲੈ ਕੇ ਢਿੱਤੇ ਦਰਦ ਖਿਡਾਉਣੇ,
ਸੋਚਾਂ ਦੇ ਪੰਘੂੜੇ ਪਾਇਆ ਤੂੰ ।

ਤੇਰੀ ਬਿਰਹੋਂ ਸਗੀ ਮਾਂ ਵਾਂਗਰ,
ਮੇਰੇ ਗੀਤ ਨੂੰ ਪੜ੍ਹਨੇ ਪਾਇਆ ਤੂੰ ।
ਲੈ ਕੇ ਦਿੱਤਾ ਗ਼ਮ ਦਾ ਕੈਦਾ,
ਹੰਝ ਦੀ ਫੱਟੀ ਲਿਖਣ ਸਿਖਾਇਆ ਤੂੰ ।

ਤੇਰੀ ਬਿਰਹੋਂ ਸਗੀ ਮਾਂ ਵਾਂਗਰ,
ਮੇਰੇ ਗੀਤ ਨੂੰ ਸ਼ਗਨਾਂ ਨਾਲ ਵਿਆਹਿਆ ਤੂੰ ।
ਅੱਲੜ ਵਹੁਟੀ ਪੀੜਾਂ ਦੀ ਜਾਈ
ਸੰਗ ਉਮਰਾਂ ਦਾ ਸਾਥ ਬਣਾਇਆ ਤੂੰ ।

ਭੁੱਖ

ਅੱਜ ਫਿਰ
ਇੱਕ ਭੁੱਖ ਨੇ ਮੇਰਾ ਦਰਵਾਜ਼ਾ ਖੜਕਾਇਆ
ਪਹਿਲਾਂ ਤਾਂ ਦਿਲ ਕੀਤਾ
ਕਿ ਦਰਵਾਜ਼ਾ ਹੀ ਨਾ ਖੋਲ੍ਹਾਂ
ਪਹਿਲਾਂ ਵੀ ਕਈ ਵਾਰ ਮੈਂ ਇੰਝ ਹੀ ਕੀਤਾ ਸੀ
ਪਰ ਫਿਰ ਮੈਂ ਕੁਝ ਸੋਚ ਕੇ ਦਰਵਾਜ਼ਾ ਖੋਲ੍ਹਿਆ
ਲਾਚਾਰ ਜਿਹੀਆਂ ਅੱਖਾਂ ਵਿਚ
ਝੂਠੀ ਜਿਹੀ ਮੁਸਕਾਨ ਭਰਕੇ
ਭੁੱਖ ਵੱਲ ਤੱਕਿਆ
ਤਰਲੇ ਜਿਹੇ ਵਾਲੀ ਸੂਰਤ ਬਣਾਈ
ਉਹ ਮੇਰੇ ਸਾਹਮਣੇ ਖੜ੍ਹੀ ਸੀ
ਮੇਰੇ ਮੂੰਹੋਂ ਤਾਂ ਕੁਝ ਵੀ ਨਾ ਨਿਕਲਿਆ
ਪਰ ਸਹਿਜ ਸੁਭਾ ਹੀ ਮੇਰਾ ਸਿਰ
ਨਾਂਹ ਵੇ ਇਸ਼ਾਰੇ 'ਚ ਹਿੱਲ ਗਿਆ
ਪਰ ਭੁੱਖ ਨਿਮਾਣੀ ਜਿਹੀ ਹੋ

ਹੱਥ ਅੱਡੀ ਖੜ੍ਹੀ ਰਹੀ
ਫਿਰ ਮੈਂ ਕੁਝ ਸੋਚ ਕੇ
ਛੇਤੀ ਨਾਲ ਪਿਛਾਂਹ ਨੂੰ ਮੁੜਿਆ
ਤੇ ਰਸੋਈ ਵੱਲ ਵਧਿਆ
ਤੇ ਰਸੋਈ ਦੇ ਦਰਵਾਜ਼ੇ ਕੋਲ ਜਾਕੇ
ਮੇਰੇ ਪੈਰ ਰੁੱਕ ਗਏ
ਮੈਂ ਚੋਰ ਦੀ ਆਪਣੇ ਆਪ 'ਤੇ ਹੱਸਿਆ
ਫਿਰ ਛੇਤੀ ਨਾਲ ਮੁੜਦੇ ਪੈਰੀਂ ਮੈਂ
ਆਪਣੇ ਕਮਰੇ 'ਚ ਰੱਖੇ ਮੇਜ਼ ਵੱਲ ਵਧਿਆ
ਮੇਜ਼ 'ਤੇ ਰੱਖੀ, ਰੱਦੀ ਹੋ ਗਈ ਕਾਪੀ ਵਿਚੋਂ
ਇੱਕ ਪੇਜ਼ ਪਾੜਿਆ
ਤੇ ਉਸਦੀਆਂ ਦੋ ਤੈਹਾਂ ਲਗਾ ਕੇ
ਉਸਨੂੰ ਜੇਬ ਵਿਚ ਪਾਇਆ
ਅਤੇ ਬਾਹਰ ਆ ਗਿਆ

– ਮੈਂ ਭੁੱਖ ਦਾ ਹੱਥ ਫੜ੍ਹਿਆ
ਅਤੇ ਉਸਨੂੰ ਆਪਣੇ ਨਾਲ
ਅਮੀਰਾਂ ਦੇ ਸ਼ਹਿਰ ਵੱਲ
ਚੱਲਣ ਦਾ ਇਸ਼ਾਰਾ ਕੀਤਾ

– ਮੈਂ ਆਪਣੀ ਜੇਬ ਨੂੰ

ਇੱਕ ਹੱਥ ਨਾਲ ਢੱਬ ਲਿਆ
ਵੈਸੇ ਕੋਈ ਬੇਸ਼ਕੀਮਤੀ ਚੀਜ਼ ਨਹੀਂ ਸੀ
ਮੇਰੀ ਜੇਬ ਵਿਚ
ਇਹ ਇੱਕ ਕਵਿਤਾ ਸੀ
ਪਹਿਲਾਂ ਮੁੱਕ ਚੁੱਕੀਆਂ ਭੁੱਖਾਂ ਦੇ
ਸ਼ੋਕ ਵਿਚ ਲਿਖੀ ਗਈ'
ਪਹਿਲਾਂ ਵੀ ਮੇਰੀ ਜੇਬ ਪਾਟੀ ਹੋਣ ਕਰਕੇ
ਕਈ ਕਵਿਤਾਵਾਂ ਗਵਾਚੀਆਂ ਸਨ

– ਭੁੱਖ ਪੈਰ ਘਸੀਟ ਘਸੀਟ ਕੇ
ਮੇਰੇ ਪਿੱਛੇ ਪਿੱਛੇ ਤੁਰੀ ਆ ਰਹੀ ਸੀ
ਰਾਹ 'ਚ ਇੱਕ ਜਗ੍ਹਾ ਮੇਰੀ ਨਜ਼ਰ
ਅਖਬਾਰਾਂ ਦੀ ਦੁਕਾਨ ਦੇ ਬਾਹਰ ਟੰਗੀ
ਅੱਜ ਦੀ ਅਖਬਾਰ ਤੇ ਪਈ
'ਰੋਟੀ ਹੋਈ ਹੋਰ ਵੀ ਮਹਿੰਗੀ '
ਮੈਂ ਅੱਜ ਦੀ ਸੁਰਖ਼ੀ ਪੜ੍ਹੀ
ਮੈਂ ਘਬਰਾ ਗਿਆ, ਪਰ ਤੁਰਦਾ ਰਿਹਾ
ਪਿੱਛੇ ਪਿੱਛੇ ਭੁੱਖ ਵੀ ਤੁਰੀ ਆ ਰਹੀ ਸੀ

– ਅਖੀਰ ਮੈਂ
ਕਵਿਤਾਵਾਂ ਦੇ ਵਪਾਰੀ ਦੀ ਦੁਕਾਨ 'ਤੇ ਪੁੱਜਾ

ਉਸਨੇ ਚੰਗੀ ਤਰ੍ਹਾਂ ਮੇਰੀ ਕਵਿਤਾ ਨੂੰ ਤਰਾਸ਼ਿਆ
ਉਸਨੇ ਉਸਦੀ ਜੋ ਕੀਮਤ ਦੱਸੀ
ਮੈਂ ਸੁਣ ਕੇ ਹੱਕਾ ਬੱਕਾ ਰਹਿ ਗਿਆ
ਮੇਰੀ ਕਵਿਤਾ ਦੀ ਕੀਮਤ
ਰੋਟੀ ਦੇ ਮੁੱਲ ਤੋਂ ਬਹੁਤ ਘੱਟ ਸੀ
ਪਰ ਫਿਰ ਵੀ ਮੈਂ ਹੱਥ ਅੱਗੇ ਅੱਡ ਦਿੱਤਾ
ਉਸਨੇ ਬਣਦੀ ਕੀਮਤ ਦੇ ਸਿੱਕੇ
ਮੇਰੀ ਹਥੇਲੀ ਤੇ ਰੱਖ ਦਿੱਤੇ
ਮੈਂ ਇੱਕ ਵਾਰ ਓਹਨਾ ਸਿੱਕਿਆਂ ਨੂੰ ਤੱਕਿਆ
ਮੈਨੂੰ ਓਹ ਸਿੱਕੇ ਖੋਟੇ ਜਿਹੇ ਜਾਪੇ
ਪਰ ਮੈਂ ਮੁੱਠੀ ਘੁੱਟ ਲਈ
ਜੇਬ ਪਾਟੀ ਹੋਣ ਦੇ ਡਰ ਕਾਰਨ
ਮੈਂ ਸਿੱਕੇ ਜੇਬ ਵਿਚ ਨਾ ਪਾਏ

– ਮੈਂ ਹੌਲੀ ਹੌਲੀ ਦੁਕਾਨ ਦੀਆਂ
ਸੰਗਮਰਮਰੀ ਪੌੜੀਆਂ ਉੱਤਰ ਆਇਆ
ਮੈਂ ਬਾਹਰ ਆ ਕੇ ਇਧਰ ਉਧਰ ਤੱਕਿਆ
ਪਰ ਭੁੱਖ ਬਾਹਰ ਕਿਤੇ ਵਿਖਾਈ ਨਾ ਦਿੱਤੀ
ਅਖ਼ੀਰ ਮੈਂ ਘਰ ਵੱਲ ਨੂੰ ਵਾਪਿਸ ਮੁੜਿਆ

– ਮੈਂ ਉਸੇ ਅਖਬਾਰਾਂ ਵਾਲੀ ਦੁਕਾਨ ਕੋਲ ਪੁੱਜਾ

ਨੇੜੇ ਹੀ ਮੈਂ ਇੱਕ ਲਾਸ਼ ਮੁਧੀ ਪਈ ਵੇਖੀ
ਉਸਦੇ ਆਸ ਪਾਸ ਕੋਈ ਨਹੀਂ ਸੀ
ਕਿਸੇ ਕੋਲ ਇੰਨੀਂ ਵੇਹਲ ਵੀ ਕਿਥੇ ਸੀ
ਮੈਂ ਲਾਸ਼ ਦੇ ਕੋਲ ਗਿਆ
ਅਤੇ ਹੌਂਸਲਾ ਕਰਕੇ ਉਸਨੂੰ ਪਰਤਿਆ
ਇਹ ਕੀ
ਇਹ ਤਾਂ ਭੁੱਖ ਸੀ
ਸ਼ਾਇਦ ਇਸਨੇ ਵੀ ਅਖਬਾਰ 'ਤੋਂ
ਅੱਜ ਦੀ ਸੁਰਖੀ ਪੜ੍ਹ ਲਈ ਸੀ
ਅਚਾਨਕ ਹੀ ਮੇਰੀ ਮੁੱਠੀ ਢਿੱਲੀ ਪੈ ਗਈ
ਸਿੱਕੇ ਹੇਠਾਂ ਡਿੱਗ ਗਏ
ਮੈਂ ਉਨ੍ਹਾਂ ਨੂੰ ਚੁੱਕਣ ਦੀ ਹਿੰਮਤ ਨਾ ਕਰ ਸਕਿਆ

– ਸਾਰੀ ਰਾਤ ਮੈਂ ਉਥੇ ਹੀ
ਮੋਈ ਭੁੱਖ ਦੇ ਸਿਰਹਾਣੇ ਬੈਠਾ
ਵਿਰਲਾਪ ਕਰਦਾ ਰਿਹਾ

– ਅਗਲੇ ਦਿਨ ਸਵੇਰੇ
ਸਾਹਮਣੇ ਅਖਬਾਰਾਂ ਵਾਲੀ ਦੁਕਾਨ ਦੇ ਬਾਹਰ
ਅੱਜ ਦੀ ਅਖਬਾਰ ਟੰਗੀ ਹੋਈ ਸੀ
ਮੈਂ ਜੋ ਕਵਿਤਾ ਕਲ੍ਹ ਵੇਚੀ ਸੀ

ਉਹ ਵੀ ਉਸ ਵਿਚ ਛਪੀ ਸੀ'
ਮੈਂ ਭੁੱਖ ਨੂੰ ਓਥੇ ਹੀ ਦਫਨਾ ਕੇ
ਓਹਦੇ ਸ਼ੌਕ ਚ
ਇੱਕ ਹੋਰ ਕਵਿਤਾ ਲਿਖਣ ਬਾਰੇ
ਸੋਚਦਾ ਹੋਇਆ, ਘਰ ਵੱਲ ਮੁੱੜ ਪਿਆ ।

ਰੱਬ ਦਾ ਕਾਤਿਲ

'ਪਹਿਲਾਂ ਮੈਂ ਸੋਚਿਆ
ਐਂਬੂਲੈਂਸ ਜਾਂ ਪੁਲਿਸ ਨੂੰ ਫੋਨ ਕਰਾਂ
ਪਰ, ਮੈਂ ਡਰ ਗਿਆ
ਤੇ ਓਥੋਂ ਭੱਜ ਆਇਆ ।

ਮੈਂ ਜੋ ਸੋਚਿਆ ਸੀ
ਉਂਝ ਕੁਝ ਨਹੀਂ ਹੋਇਆ
ਨਾ ਕਿਸੇ ਅਖ਼ਬਾਰ ਨੇ ਕੋਈ ਸੁਰਖੀ ਛਾਪੀ
ਨਾ ਇਹ ਖ਼ਬਰ
ਨਿਊਜ਼ ਚੈਨਲਾਂ ਦੀ ਟੀ ਪੀ ਆਰ ਦਾ ਕਾਰਨ ਬਣੀ

ਨਾ ਦੇਸ਼ ਦੀ ਰਾਜਨੀਤੀ ਪ੍ਰਭਾਵਿਤ ਹੋਈ
ਨਾ ਕੋਈ ਦੰਗਾ ਹੋਇਆ
ਨਾ ਕਿਸੇ ਨੇ ਬੱਸਾਂ, ਰੇਲ ਗੱਡੀਆਂ ਸਾੜੀਆਂ
ਨਾ ਹੀ ਸ਼ਹਿਰ,

ਬਜ਼ਾਰ ਬੰਦ ਕਰਨ ਦੀ ਨੌਬਤ ਆਈ ।

ਮੈਂ ਸਵੇਰੇ ਉੱਠ ਕੇ
ਕਤਲ ਵਾਲੀ ਜਗ੍ਹਾ ਤੇ ਗਿਆ
ਮੈਂ ਹੈਰਾਨ ਸਾਂ
ਕਾਤਿਲ ਅਜੇ ਵੀ ਓਥੇ ਹੀ ਸੀ
ਉਸਨੇ ਸਾਰੀ ਰਾਤ ਮਿਹਨਤ ਕਰਕੇ
ਲਾਸ਼ ਦਫ਼ਨਾਉਣ ਲਈ
ਇੱਕ ਬੜੀ ਡੂੰਘੀ ਕਬਰ ਪੁੱਟੀ ਸੀ ।

ਮੈਂ ਹੈਰਾਨ ਹੋ ਕੇ ਉਸ ਤੋਂ ਪੁੱਛਿਆ
ਤੂੰ ਏਨੀਂ ਮਿਹਨਤ ਕਿਉਂ ਕੀਤੀ
ਆਪੇ ਕਿਸੇ ਲਾਵਾਰਿਸ ਲਾਸ਼ਾਂ
ਸਾੜ੍ਹਣ ਵਾਲੀ ਸੰਸਥਾ ਨੇ
ਚੁੱਕ ਕੇ ਲੈ ਜਾਣੀ ਸੀ ਇਹ ਲਾਸ਼ ।

ਉਹ ਹੱਸਿਆ ਪਰ ਬੋਲਿਆ ਕੁਝ ਨਾ
ਉਸਨੇ ਲਾਸ਼ ਨੂੰ ਕਬਰ ਵਿਚ ਦਫ਼ਨ ਕੀਤਾ
ਅਤੇ ਓਥੋਂ ਚਲਾ ਗਿਆ ।'

ਮੈਂ ਇਹ ਗਵਾਹੀ ਦਿੱਤੀ

ਅਦਾਲਤ 'ਚ ਉਸ ਕਾਤਿਲ ਖਿਲਾਫ਼ ।
ਪਤਾ ਨਹੀਂ ਕਿਉਂ
ਉਸਨੇ ਖੁੱਦ ਗ੍ਰਿਫਤਾਰੀ ਦਿੱਤੀ ਸੀ
ਅਤੇ ਉਸਦੇ ਕਹਿਣ ਤੇ ਹੀ ਮੈਨੂੰ
ਗਵਾਹੀ ਲਈ ਬੁਲਾਇਆ ਗਿਆ ਸੀ ।

ਜੱਜ ਨੇ ਕਾਤਿਲ ਨੂੰ
ਫਾਂਸੀ ਦੀ ਸਜ਼ਾ ਸੁਣਾਈ
ਪਰ ਕਾਤਿਲ ਦੇ ਚਿਹਰੇ 'ਤੇ
ਇੱਕ ਮੁਸਕਾਨ ਤੋਂ ਸਿਵਾ ਹੋਰ ਕੁਝ ਨਹੀਂ ਸੀ
ਨਾ ਕੋਈ ਡਰ, ਨਾ ਪਛਤਾਵਾ ਤੇ ਨਾ ਕੋਈ ਹੋਰ ਭਾਵ

ਮੈਂ ਹੈਰਾਨੀ ਜਿਹੀ ਨਾਲ
ਕਾਤਿਲ ਦੀਆਂ ਅੱਖਾਂ 'ਚ ਤੱਕਿਆ
ਸ਼ਾਇਦ ਮੈਂ ਵੀ ਇਹ ਜਾਣਨਾ ਚਾਹੁੰਦਾ ਸੀ ਕਿ
ਉਸਨੇ ਰੱਬ ਦਾ ਕਤਲ ਕਿਉਂ ਕੀਤਾ ?

ਏਨਾ ਵੀ ਸੌਖਾ ਨਹੀਂ ਹੁੰਦਾ

ਅਕਸਰ ਹੀ ਯਾਦਾਂ
ਬਣ ਜਾਂਦੀਆਂ ਨੇ ਨਜ਼ਮਾਂ
ਪਰ ਨਜ਼ਮਾਂ ਨੂੰ ਲਿਖ ਕੇ
ਕਾਪੀਆਂ 'ਚ ਸਾਂਭ ਲੈਣਾ
ਏਨਾ ਵੀ ਸੌਖਾ ਨਹੀਂ ਹੁੰਦਾ ।

ਕਦੇ – ਕਦੇ
ਅੱਧੀ ਰਾਤ ਨੂੰ ਲੱਗੀ ਤੇਹ
ਬਣ ਜਾਂਦੀ ਹੈ ਬਹਾਨਾ
ਕਾਪੀਆਂ ਫਰੋਲਣ ਦਾ
ਤੇ ਅੱਖਾਂ ਦੀ ਬੇਚੈਨੀ
ਜਗਾ ਦਿੰਦੀ ਏ ਸੁੱਤੀਆਂ ਨਜ਼ਮਾਂ ਨੂੰ
'ਤੇ ਰਾਤ ਦੀ ਚੁੱਪ ਕਰ ਦਿੰਦੀ ਏ
ਦਿਮਾਗ ਨੂੰ ਹੋਰ ਵੀ ਟਿਕਾਗਰ
ਦਿਲ ਦੀ ਧੜਕਣ ਫੜ੍ਹ ਲੈਂਦੀ ਏ ਤਾਲ

ਅਤੇ ਨਜ਼ਮ ਬਦੋਂ ਬਦੀ ਧਾਰ ਲੈਂਦੀ ਏ
ਫਿਰ ਕਿਸੇ ਨਿੰਤ੍ਰਿਕਾ ਦਾ ਭੇਸ
ਪਰ ਰਾਤ ਭਰ ਜਾਗ ਕੇ
ਮੋਈ ਮੁਹੱਬਤ ਦੀ ਯਾਦ ਵਾਲੀ ਨਜ਼ਮ ਦਾ
ਨ੍ਰਿਤ ਵੇਖਣਾ
ਏਨਾ ਸੌਖਾ ਵੀ ਨਹੀਂ ਹੁੰਦਾ ।

ਇੱਤਰ ਦੀ ਖ਼ੁਸ਼ਬੂ

ਜ਼ਿੰਦਗੀ ਮਹਿਸੂਸਣ ਦਾ ਏ ਨਾਂ
ਸਾਹਾਂ ਦਾ ਨਹੀਂ, ਦਿਲਬਰ ।
ਮੈਂ ਹੁਣ ਜ਼ਿੰਦਾ ਨਹੀਂ ਹਾਂ
ਤੇਰੇ ਭੁੱਲ ਜਾਣ ਤੋਂ ਬਾਅਦ ।

ਸਿਰਫ਼ ਇੱਕ ਗੂੰਗੀ ਚੀਕ
ਬਾਕੀ ਏ ਇਨ੍ਹਾਂ ਅੱਖਾਂ 'ਚ
ਕੁਝ ਹੋਰ ਨਾ ਰਿਹਾ ਸਾਰੇ
ਹੰਡ੍ਹੂ ਭੁੱਲ ਜਾਣ ਤੋਂ ਬਾਅਦ ।

ਆਪਣੇ ਪਿੰਡ ਮੁੱੜਣ ਦੀ
ਹਸਰਤ ਨਹੀਂ ਮੈਨੂੰ ਹੁਣ
ਤੇਰੇ ਸ਼ਹਿਰ ਦੇ ਕੱਖਾਂ
'ਚ ਰੁੱਲ ਜਾਣ ਤੋਂ ਬਾਅਦ ।

ਪੂਜਦਾ ਸੀ ਵੇਦਾਂ ਤੋਂ ਵੱਧ
ਅਖੀਰ ਕੌਡੀ ਮੁੱਲ ਪਿਆ
ਉਸ ਕਿਤਾਬੇ ਇਸ਼ਕ ਦਾ
ਤੁੱਲ ਜਾਣ ਤੋਂ ਬਾਅਦ ।

ਅਖਿਓਂ ਮਿੱਠਾ ਯਕੀਨ
ਜ਼ਹਿਰੋਂ ਕੌੜਾ ਹੋ ਗਿਆ
ਦਿਲਾਂ 'ਚ ਚੰਦਰਾ ਵਹਿਮ
ਘੁੱਲ ਜਾਣ ਤੋਂ ਬਾਅਦ ।

ਤੇਰੀ ਮੁਹੱਬਤ ਹਾਂ ਬਸ
ਇਤਰ ਦੀ ਖ਼ੁਸ਼ਬੂ ਸੀ
ਕਿੰਨਾਂ ਕੁ ਚਿਰ ਰਹਿਣੀ ਸੀ
ਸ਼ੀਸ਼ੀ ਖੁੱਲ੍ਹ ਜਾਣ ਤੋਂ ਬਾਅਦ ।

ਵਾਅਦਾ ਖ਼ਿਲਾਫ਼ੀ

ਹਕੀਕਤ ਹੋਰ ਹੈ
ਮੇਰੀ ਵਾਅਦਾ ਖ਼ਿਲਾਫ਼ੀ ਦੀ
ਉਸਨੂੰ ਵੀ ਚਾਹੀਦਾ ਸੀ
ਰੱਖਣੀ ਸੀ ਤਾਂ
ਸ਼ਰਤ ਕੋਈ ਸੌਖੀ ਰੱਖਦਾ
ਹਮਬਿਸਤਰ ਹੋ ਕੇ ਸੁਫ਼ਨਿਆਂ ਨਾਲ
ਬੜਾ ਔਖਾ ਸੀ ਫਿਰ
ਜਾਗਦੇ ਰਹਿਣਾ ।

ਅੱਲੜ-ਖ਼ੁਮਾਰ

ਉਮਰ ਭਰ ਫਿਰ
ਭੂਤ ਬਣਕੇ
ਦਿਲ ਦੇ ਵੀਰਾਨਿਆ 'ਚ
ਭਟਕਦੇ ਰਹਿੰਦੇ
ਉਹ ਖ਼ੁਮਾਰ ਜੋ
ਅੱਲੜ ਉਮਰੇ
ਮੁਹੱਬਤ ਵਰਗੀ
ਕਿਸੇ ਦੁਰਘਟਨਾ 'ਚ
ਮੋਅ ਜਾਂਦੇ ।

ਤੇਰੀ ਵਫ਼ਾ

ਅੱਜ ਨਹੀਂ, ਤੇਰੀ ਵਫ਼ਾ
ਮੈਂ ਉਸ ਦਿਨ ਅਜ਼ਮਾਵਾਂਗਾ ।
ਜਿਸ ਦਿਨ ਤੇਰੇ ਲਈ
ਮੈਂ ਬੇਵਫ਼ਾ ਹੋ ਜਾਵਾਂਗਾ ।

ਅੱਜ ਤੂੰ
ਵੇਖਦੀ ਏਂ ਸੁਪਨੇ
ਮੇਰੇ ਨਾਲ ਜੀਣ ਦੇ ।
ਹੱਸ ਕੇ ਜ਼ਹਿਰ ਵੀ
ਮੇਰੇ ਲਈ ਪੀਣ ਦੇ ।
ਕਿ ਜਿਸ ਦਿਨ ਮੈਂ
ਤੇਰੇ ਖ਼ਿਆਲਾਂ 'ਚ
ਤੇਰੇ ਹੱਥੋਂ
ਕਤਲ ਹੋ ਜਾਵਾਂਗਾ ।
ਅੱਜ ਨਹੀਂ, ਤੇਰੀ ਵਫ਼ਾ

ਮੈਂ ਉਸ ਦਿਨ ਅਜ਼ਮਾਵਾਂਗਾ ।

ਅੱਜ ਤੂੰ
ਮੇਰੀਆਂ ਬਾਹਾਂ 'ਚ ਆਕੇ
ਭੁੱਲ ਗਈ ਦੁਨੀਆਂ ਦਾ ਡਰ ।
ਤੇ ਮੁਹੱਬਤ ਦੇ ਤਪ ਬਦਲੇ
ਮੰਗ ਲਿਆ ਚੁੰਮਣ ਦਾ ਵਰ ।
ਕਿ ਜਿਸ ਦਿਨ ਮੈਂ
ਤੇਰੇ ਬੁੱਲਾਂ 'ਚੋਂ
ਲਵ ਦਾ ਸਰਾਪ ਹੰਢਾਵਾਂਗਾ ।
ਅੱਜ ਨਹੀਂ, ਤੇਰੀ ਵਫ਼ਾ
ਮੈਂ ਉਸ ਦਿਨ ਅਜ਼ਮਾਵਾਂਗਾ ।

ਅੱਖਰ : 24562
ਸ਼ਬਦ : 6521